MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ ਪੰਜਾਬ ਲਿੰਕ
WEEKLY NEWSPAPER VOL.: 09 ISSUE: 37 SATURDAY, 11 SEPTEMBER, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com

## ਟੀਕਾ ਪਾਸਪੋਰਟ ਕਿਵੇਂ ਪ੍ਰਾਪਤ ਕੀਤਾ ਜਾਵੇ ?



ਵੈਨਕੂਵਰ-ਬੀਸੀ ਪਬਲਿਕ ਹੈਲਥ ਅਫਸਰ ਦੇ ਹੁਕਮ ਮੁਤਾਬਿਕ 13 ਸਤੰਬਰ 2021 ਤੋਂ ਸਮੁੱਚੇ ਸੂਬੇ ਵਿਚ ਕੋਵਿਡ-19 ਟੀਕਾਕਰਣ ਦਾ ਸਬੂਤ ਲਾਜ਼ਮੀ ਹੋ ਜਾਵੇਗਾ। ਪਾਸਪੋਰਟ ਵਿਚ ਰੈਸਟੋਰੈਂਟ, ਟਿਕਟ ਵਾਲੇ ਇਨਡੋਰ ਸਮਾਗਮ, ਨਾਈਟ ਕਲੱਬ ਤੇ ਜੂਆ ਘਰ, ਮੂਵੀ ਥੀਏਟਰ, ਜਿਮ ਤੇ ਮਨੋਰੰਜਨ ਸਹੂਲਤਾਂ, ਪੋਸਟ ਸੈਕੰਡਰੀ ਆਨ-ਕੈਂਪਸ ਸਟੂਡੈਂਟ ਹਾਊਸਿੰਗ ਅਤੇ ਵਿਆਹਾਂ ਤੇ ਕਾਨਫਰੰਸਾਂ ਵਰਗੇ ਇਨਡੋਰ ਇਕੱਠ ਸ਼ਾਮਿਲ ਹੋਣਗੇ। ਟੀਕਾਕਰਨ ਦੀ ਘੱਟੋ ਘੱਟ ਪਹਿਲੀ ਖੁਰਾਕ 13 ਸਤੰਬਰ ਤਕ ਲੈਣ ਲਈ ਸਮੇਂ ਦੀ ਹੱਦ ਮਿਥੀ ਗਈ ਹੈ ਤੇ 24 ਅਕਤੂਬਰ ਤਕ ਤੁਹਾਨੂੰ ਮੁਕੰਮਲ ਟੀਕਾਕਰਨ ਦਾ ਸਬੂਤ ਪੇਸ਼ ਕਰਨ ਦੇ ਯੋਗ ਹੋਣਾ ਲਾਜ਼ਮੀ ਹੈ। ਇਹ ਸ਼ਰਤ 2009 ਵਿਚ ਜਨਮੇ ਜਾਂ ਇਸ ਤੋਂ ਪਹਿਲਾਂ ਪੈਦਾ ਹੋਏ ਵਿਅਕਤੀਆਂ 'ਤੇ ਲਾਗੂ ਹੁੰਦੀ ਹੈ। ਨਾਗਰਿਕਾਂ ਨੂੰ ਬੀਸੀ ਟੀਕਾਕਰਣ ਕਾਰਡ ਵੈੱਬਸਾਈਟ ਦੀ ਵਰਤੋਂ ਕਰਕੇ ਟੀਕਾਕਰਣ ਦਾ ਸਬੂਤ ਪੇਸ਼ ਕਰਨਾ ਪਵੇਗਾ ਜਿਹੜੀ 13 ਸਤੰਬਰ ਤਕ ਉਪਲਬਧ ਹੋਵੇਗੀ।

### ਫੈਡਰਲ ਚੋਣਾਂ

# ਲਿਬਰਲ ਤੇ ਕੰਸਰਵੇਟਿਵ ਵਿਚਾਲੇ ਕਾਂਟੇ ਦੀ ਟੱਕਰ

ਟੋਰਾਂਟੋ-ਹੁਣ ਜਦੋਂ ਫੈਡਰਲ ਚੋਣ ਪ੍ਰਚਾਰ ਵਿਚ ਸਿਰਫ ਕੁਝ ਦਿਨ ਬਚੇ ਹਨ ਤਾਂ ਲਗ ਰਿਹਾ ਹੈ ਦੋ ਪ੍ਰਮੁੱਖ ਸਿਆਸੀ ਪਾਰਟੀਆਂ ਬਰਾਬਰ ਦੀ ਟੱਕਰ ਦੇ ਰਹੀਆਂ ਹਨ ਅਤੇ ਉਨ੍ਹਾਂ ਵਿਚੋਂ ਕੋਈ ਵੀ ਬਹੁਮਤ ਵਾਲੀ ਸਰਕਾਰ ਦੀ ਜਿੱਤ ਲਈ ਤਿਆਰ ਨਹੀਂ। ਦੇਖਣਾ ਇਹ ਹੈ ਕਿ ਲਿਬਲਰਲ ਤੇ ਕੰਸਰਵੇਟਿਵਸ ਕਿੰਨੇ ਕੁ ਵੋਟਰਾਂ ਨੂੰ ਆਪਣੇ ਪੱਖ ਵਿਚ ਕਰਨ ਸਕਣਗੀਆਂ ਤੇ ਦੂਸਰੀਆਂ ਪਾਰਟੀਆਂ ਕਿਥੇ ਖੜੀਆਂ ਹਨ? ਸੀਟੀਵੀ ਨਿਊਜ਼ ਅਤੇ ਦੀ ਗਲੋਬਲ ਐਂਡ ਮੇਲ ਲਈ ਨੈਨੋਸ ਰਿਸਰਚ ਵਲੋਂ ਰਾਤ ਸਮੇਂ ਟਰੈਕਿੰਗ ਕੀਤੇ ਅੰਕੜਿਆਂ ਜਿਹੜੇ ਬੁੱਧਵਾਰ ਸਵੇਰੇ ਜਾਰੀ ਕੀਤੇ ਗਏ ਮੁਤਾਬਿਕ ਕੰਸਰਵੇਟਿਵਸ ਨੂੰ 32.6 ਫ਼ੀਸਦੀ ਕੈਨੇਡੀਅਨਾਂ ਤੇ ਲਿਬਰਲਸ ਨੂੰ 31.6 ਫ਼ੀਸਦੀ ਦੀ ਹਮਾਇਤ ਹਾਸਲ ਹੈ। ਐਨਡੀਪੀ 21.1 ਫ਼ੀਸਦੀ ਵੋਟਰਾਂ ਦੇ ਸਮਰਥਨ ਨਾਲ ਤੀਸਰੇ ਨੰਬਰ 'ਤੇ ਹੈ। ਬਲੌਕ ਕਿਊਬਕ ਨੂੰ 5 ਫ਼ੀਸਦੀ ਤੇ ਗਰੀਨ ਪਾਰਟੀ ਨੂੰ 4.4 ਤੇ ਪੀਪੀਸੀ ਨੂੰ 4.3 ਫ਼ੀਸਦੀ ਕੈਨੇਡੀਅਨਾਂ ਦੀ ਹਮਾਇਤ ਹਾਸਲ ਹੈ। ਲਿਬਰਲ ਨੇਤਾ ਜਸਟਿਨ ਟਰੂਡੋ, ਕੰਸਰਵੇਟਿਵ ਨੇਤਾ ਐਰਿਨ ਓਟੂਲ, ਐਨਡੀਪੀ ਨੇਤਾ ਜਗਮੀਤ ਸਿੰਘ, ਬਲੌਕ ਕਿਊਬਕ ਨੇਤਾ ਯਵੇਸ-ਫ੍ਰਾਂਕੋਇਸ ਬਲੈਨਚੇਟ ਅਤੇ




ਗਰੀਨ ਪਾਰਟੀ ਦੀ ਨੇਤਾ ਐਨਾਮੀ ਪੌਲ ਵਲੋਂ ਬੁੱਧਵਾਰ ਫ੍ਰੈਂਚ ਡਿਬੇਟ ਅਤੇ ਵੀਰਵਾਰ ਨੂੰਗੈਟੀਨਿਊ, ਕਿਊਬਕ ਵਿਚ ਅੰਗਰੇਜ਼ੀ ਡਿਬੇਟ ਵਿਚ ਸ਼ਾਮਿਲ ਹੋਣ ਦੀ ਆਸ ਹੈ। ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਨੇਤਾ ਮੈਕਸਮੀ ਬੇਰਨੀਰ ਨੂੰ ਬਹਿਸਾਂ ਵਿਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ *(ਬਾਕੀ ਸਫ਼ਾ 16 'ਤੇ)*

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton
WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇਟਮੈਂਟ
ARVINDER S- KALSEY AVINEET S- KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
604-841-6333

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002


S T & A Simpson, Thomas & Associates
TRIAL LAWYERS
CELEBRATING 50 YEARS
"The name that you know and trust"
" Simpson, Thomas & Associates are a legal dream team. No other law firm could have fought this claim as it takes a lot of resources to fight a case of this nature. "
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated BBB ACCREDITED BUSINESS
" Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved. "
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 09 ISSUE: 37 SATURDAY, 11 SEPTEMBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
1.00pm to 3:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਵੱਲੋਂ ਕਿਸਾਨਾਂ ਨੂੰ ਚੋਣਾਂ ਲੜਨ ਦਾ ਸੱਦਾ



ਸ੍ਰੀ ਮੁਕਤਸਰ ਸਾਹਿਬ-ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਇਕ ਵਾਰ ਫਿਰ ਕਿਸਾਨਾਂ ਨੂੰ ਚੋਣਾਂ ਲੜਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਮਿਸ਼ਨ ਪੰਜਾਬ 2020' ਦਾ ਮਕਸਦ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣਾ ਹੈ। ਕਿਸਾਨ ਆਗੂ ਇਥੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦੀਵਾਨ ਹਾਲ ਵਿੱਚ ਅੱਜ 'ਭਾਰਤੀ ਕਿਸਾਨ-ਮਜ਼ਦੂਰ ਏਕਤਾ ਯੂਨੀਅਨ' ਦੇ ਆਗੂ *(ਬਾਕੀ ਸਫ਼ਾ 10 'ਤੇ)*



## ਮੁੱਖ ਮੰਤਰੀ ਨੇ ਉਲੰਪੀਅਨ ਖਿਡਾਰੀਆਂ ਨੂੰ ਦਿੱਤੀ ਦਾਅਵਤ-ਹੱਥੀ ਖਾਣਾ ਪਰੋਸਿਆ

ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਖਾਨਸਾਮੇ ਵਜੋਂ ਪਕਵਾਨ ਤਿਆਰ ਕਰਕੇ ਓਲੰਪੀਅਨ ਖਿਡਾਰੀਆਂ ਦੇ ਦਿਲ ਜਿੱਤ ਲਏ। ਅਮਰਿੰਦਰ ਦੀ ਮੇਜ਼ਬਾਨੀ ਨੇ ਇਨ੍ਹਾਂ ਖਿਡਾਰੀਆਂ ਦੇ ਪਲਾਂ ਨੂੰ ਆਨੰਦਮਈ ਬਣਾ ਦਿੱਤਾ। ਜਦੋਂ ਮੁੱਖ ਮੰਤਰੀ ਨੇ ਖੁਦ ਅਲੱਗ ਅਲੱਗ ਵੰਨਗੀ ਦਾ ਖਾਣਾ ਹੱਥੀਂ ਪਰੋਸਿਆ ਤਾਂ ਇਹ ਖਿਡਾਰੀ ਅਮਰਿੰਦਰ ਦੇ ਵਡੱਪਣ ਤੋਂ ਕੀਲੇ ਗਏ। ਮੁੱਖ ਮੰਤਰੀ ਅਮਰਿੰਦਰ ਨੇ ਆਪਣੇ ਸਿਸਵਾਂ ਫਾਰਮ ਹਾਊਸ 'ਤੇ ਕਰੀਬ ਛੇ ਘੰਟੇ ਲਗਾ ਕੇ ਖੁਦ ਇਨ੍ਹਾਂ ਖਿਡਾਰੀਆਂ ਲਈ ਕਈ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਓਲੰਪੀਅਨ ਖਿਡਾਰੀਆਂ ਨੂੰ ਅੱਜ ਆਪਣੇ ਫਾਰਮ ਹਾਊਸ 'ਤੇ ਦਾਅਵਤ ਦਿੱਤੀ। ਮੁੱਖ ਮੰਤਰੀ ਦੀ ਮੇਜ਼ਬਾਨੀ ਨੇ ਇਨ੍ਹਾਂ ਖਿਡਾਰੀਆਂ ਲਈ ਇਹ ਪਲ ਅਹਿਮ ਬਣਾ ਦਿੱਤੇ। ਕਈ ਖਿਡਾਰੀਆਂ ਦੀ ਟਿੱਪਣੀ ਸੀ, 'ਅਸੀਂ ਤਗਮੇ ਜਿੱਤੇ, ਮੁੱਖ ਮੰਤਰੀ ਨੇ ਦਿਲ ਜਿੱਤ ਲਏ'। *(ਬਾਕੀ ਸਫ਼ਾ 10 'ਤੇ)*

## ਗੁਰਦਾਸ ਮਾਨ ਦੀ ਪੇਸ਼ਗੀ ਜ਼ਮਾਨਤ ਦੀ ਅਰਜੀ ਰੱਦ



ਜਲੰਧਰ-ਪੰਜਾਬੀ ਗਾਇਕ ਗੁਰਦਾਸ ਮਾਨ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਕਾਰਨ ਉਸ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਪੰਜਾਬੀ ਗਾਇਕ ਨੇ ਉਸ ਖ਼ਿਲਾਫ਼ ਵਿਵਾਦਿਤ ਟਿੱਪਣੀਆਂ ਨੂੰ ਲੈ ਕੇ ਦਰਜ ਮਾਮਲੇ ਵਿੱਚ ਅਗਾਊਂ ਜ਼ਮਾਨਤ ਲੈਣ ਲਈ ਜ਼ਿਲ੍ਹਾ ਸੈਸ਼ਨ ਅਦਾਲਤ ਵਿੱਚ ਅਰਜ਼ੀ ਦਿੱਤੀ ਹੋਈ ਸੀ। ਜ਼ਮਾਨਤ ਅਰਜ਼ੀ ਰੱਦ ਹੋਣ ਬਾਅਦ ਗੁਰਦਾਸ ਮਾਨ ਨੂੰ ਹੁਣ ਹਾਈ ਕੋਰਟ ਦਾ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto
ICBC autoplan
Prorate, Cargo, Life, Disability Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

UTTAM PAINTING CO.
Residential & Commercial
• Spray Paint
• Stucco Paint
• Roller & Brush
• New & Old House
• Interior & Exterior
• Polly & Sponge Paint
25 Years of Experience
Efficient Work ♦ Fast Service
Reasonable Rates
Rajinder Aulakh (Raj)
778.891.9473
amaritaulakh2008@yahoo.ca

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵੈਨਕੂਵਰ ਪਾਰਕ ਵਿਚ ਬੇਘਰ ਕੈਂਪ ਤੋਂ ਹਟਾਏ ਜਾ ਰਹੇ ਹਨ ਤੰਬੂ

ਵੈਨਕੂਵਰ-ਡਾਊਨਟਾਊਨ ਵੈਨਕੂਵਰ ਪਾਰਕ ਦਾ ਇਕ ਹਿੱਸਾ ਆਰਜ਼ੀ ਤੌਰ 'ਤੇ ਬੰਦ ਕੀਤਾ ਜਾ ਰਿਹਾ ਹੈ ਕਿਉਂਕਿ ਸਟਾਫ ਨੇ ਤੰਬੂਆਂ ਤੇ ਦੂਸਰੇ ਢਾਂਚੇ ਨੂੰ ਹਟਾਉਣਾ ਹੈ। ਡਾਊਨਟਾਈਨ ਈਸਟਸਾਈਡ ਦੇ ਇਕਦਮ ਉੱਤਰ ਵਿਚ ਵੈਨਕੂਵਰ ਹਾਰਬਰ ਵਾਟਰਫਰੰਟ 'ਤੇ ਸੀਏਆਰਬੀ ਪਾਰਕ ਵਿਚ ਟੈਂਟਾਂ ਨੂੰ ਹਟਾਇਆ ਜਾ ਰਿਹਾ ਹੈ ਕਿਉਂਕਿ ਸਟਾਫ ਉਥੇ ਢਾਂਚਿਆਂ ਨੂੰ ਰੋਕਣ ਦੇ ਬਾਈਲਾਅ ਲਾਗੂ ਕਰ ਰਿਹਾ ਹੈ। ਪਾਰਕ ਬੋਰਡ ਦੇ ਜਨਰਲ ਮੈਨੇਜਰ ਡੋਨੀ ਰੋਸਾ ਨੇ ਕਿਹਾ ਕਿ ਸਟਾਫ ਨੇ ਪਾਰਕ ਵਿਚ ਰਹਿ ਰਹੇ ਕੁਝ ਲੋਕਾਂ ਨੂੰ ਹਟਾ ਦਿੱਤਾ ਪਰ 45 ਵਿਅਕਤੀਆਂ ਨੇ ਪਾਰਕ ਤੋਂ ਜਾਣ ਤੋਂ ਇਨਕਾਰ ਕਰ ਦਿੱਤਾ ਹੈ। ਰੋਸਾ ਨੇ ਕਿਹਾ ਕਿ ਪਾਰਕ ਵਿਚ ਰਹਿਣ ਵਾਲੇ ਲੋਕਾਂ ਲਈ ਇਨਡੋਰ ਹਾਊਸਿੰਗ ਵਿਕਲਪ ਉਪਲਬਧ ਹਨ ਅਤੇ ਉਨ੍ਹਾਂ ਲਈ ਵੀਰਵਾਰ ਸਵੇਰੇ 10 ਵਜੇ ਤਕ ਛੱਡਣ ਲਈ ਸਮਾਂ ਹੈ।

JJB INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker Covers You Best
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available




# ਵੈਨਕੂਵਰ 'ਚ ਐਂਟੀ-ਟੀਕਾ-ਪਾਸਪੋਰਟ ਵਿਰੋਧ ਪ੍ਰਦਰਸ਼ਨ

ਵੈਨਕੂਵਰ-ਵੈਨਕੂਵਰ ਵਿਚ ਪੁਲਿਸ ਅਫਸਰ ਦੋ ਵੱਖੋ ਵੱਖਰੇ ਯੋਜਨਾਬੱਧ ਪ੍ਰਦਰਸ਼ਨਾਂ ਲਈ ਮੌਕੇ 'ਤੇ ਦਿਖਾਈ ਦਿੱਤੇ। ਇਕ ਮੁਜ਼ਾਹਰਾ ਪੌਣਪਾਣੀ ਨਾਲ ਸਬੰਧਤ ਮੁੱਦਿਆਂ ਤੇ ਦੂਸਰਾ ਸੂਬਾ ਵੈਕਸੀਨ ਪਾਸਪੋਰਟ ਸਿਸਟਮ ਦੇ ਵਿਰੋਧ ਵਿਚ ਸੀ। ਪਹਿਲਾ ਪ੍ਰਦਰਸ਼ਨ ਜਿਸ ਨੂੰ 'ਆਨ ਫਾਇਰ-ਡੇਅ ਆਫ ਐਕਸ਼ਨ' ਕਿਹਾ ਗਿਆ ਹੈ ਹੈਮਿਲਟਨ ਤੇ ਵੈਸਟ ਜਾਰਜੀਆ ਸੜਕਾਂ 'ਤੇ ਸਵੇਰੇ 11.30 ਵਜੇ ਹੋਇਆ। ਮੁਜ਼ਾਹਰੇ ਦੇ ਵੇਰਵੇ ਵਿਚ ਕਿਹਾ ਗਿਆ ਹੈ ਕਿ ਅਧਿਐਨ ਦੱਸਦੇ ਹਨ ਕਿ ਪੌਣਪਾਣੀ ਐਮਰਜੈਂਸੀ ਭਵਿੱਖਬਾਣੀ ਨਾਲੋਂ ਤੇਜ਼ੀ ਨਾਲ ਖਰਾਬ ਹੋ ਰਹੀ ਹੈ। ਇਸ ਵਿਚ ਕਿਹਾ ਕਿ ਜੰਗਲਾਂ ਵਿਚ ਲੱਗੀ ਅੱਗ ਦਾ ਮਾੜਾ ਮੌਸਮ ਤੇ ਸੋਕਾ ਅਤੇ ਹੜ੍ਹ ਇਸ ਸੰਕਟ ਦੇ ਸਬੂਤ ਹਨ ਜਿਸ ਬਾਰੇ ਪ੍ਰਬੰਧਕਾਂ ਨੂੰ ਆਸ ਹੈ ਕਿ ਇਹ 20 ਸਤੰਬਰ ਦੀਆਂ ਵੋਟਾਂ ਤੋਂ ਪਹਿਲਾਂ ਮੁੱਖ ਚੋਣ ਮੁੱਦਾ ਬਣ ਜਾਵੇਗਾ। ਪਹਿਲਾ ਮੁਜ਼ਾਹਰਾ ਸ਼ੁਰੂ ਹੋਣ ਤੋਂ 90 ਮਿੰਟ ਪਿੱਛੋਂ ਦੂਸਰਾ ਵੈਨਕੂਵਰ ਸਿਟੀ ਹਾਲ ਨੇੜੇ ਨਵਾਂ ਟੀਕਾ ਪਾਸਪੋਰਟ ਸਿਸਟਮ ਸ਼ੁਰੂ ਕਰਨ ਦੇ ਖਿਲਾਫ ਕੀਤਾ ਗਿਆ। ਇਸ ਸਿਸਟਮ ਜਿਹੜਾ 13 ਸਤੰਬਰ ਨੂੰ ਸ਼ੁਰੂ ਹੋਵੇਗਾ ਤਹਿਤ ਜਿਮਸ, ਰੈਸਟੋਰੈਂਟ ਅਤੇ ਫਿਲਮੀ ਥੀਏਟਰਾਂ ਸਮੇਤ ਕਾਰੋਬਾਰਾਂ ਤਕ ਪਹੁੰਚ ਲਈ ਡਿਜੀਟਲ ਜਾਂ ਵੈਕਸੀਨ ਕਾਰਡ ਦਾ ਪ੍ਰਿੰਟ ਟੀਕਾਕਰਣ ਦੇ ਸਬੂਤ ਵਜੋਂ ਦਿਖਾਉਣਾ ਪਵੇਗਾ। ਟੀਕਾ ਪਾਸਪੋਰਟ ਖਿਲਾਫ ਪਿਛਲਾ ਪ੍ਰਦਰਸ਼ਨ ਵੈਨਕੂਵਰ ਜਨਰਲ ਹਸਪਤਾਲ ਦੇ ਬਾਹਰ ਕੀਤਾ ਗਿਆ ਸੀ ਜਿਸ ਵਿਚ ਹਜ਼ਾਰਾਂ ਵਿਅਕਤੀ ਸ਼ਾਮਿਲ ਹੋਏ ਸਨ ਜਿਸ ਨਾਲ ਹੈਲਥ ਕੇਅਰ ਪੇਸ਼ੇਵਰਾਂ ਤੇ ਜਨਤਾ ਵਿਚ ਨਿਰਾਸ਼ਾ ਦੀ ਲਹਿਰ ਫੈਲ ਗਈ ਸੀ।

# ਮਨੀਟੋਬਾ ਵਿਚ ਕੋਵਿਡ-19 ਦੇ 50 ਤੋਂ ਵੀ ਵੱਧ ਨਵੇਂ ਮਾਮਲੇ ਦਰਜ-ਕੋਈ ਮੌਤ ਨਹੀਂ

ਵਿਨੀਪੈਗ-ਮਨੀਟੋਬਾ ਵਿਚ ਪਬਲਿਕ ਹੈਲਥ ਨੇ 50 ਤੋਂ ਵੀ ਵੱਧ ਕੋਵਿਡ-19 ਦੇ ਨਵੇਂ ਮਾਮਲਿਆਂ ਦੀ ਜਾਣਕਾਰੀ ਦਿੱਤੀ ਹੈ। ਪਰ ਕੋਈ ਮੌਤ ਨਹੀਂ ਹੋਈ। ਅਪਡੇਟ ਕੀਤੇ ਸੂਬਾ ਡੈਸ਼ਬੋਰਡ ਮੁਤਾਬਿਕ ਕੋਵਿਡ-19 ਦੇ 52 ਨਵੇਂ ਮਾਮਲਿਆਂ ਦੀ ਪਛਾਣ ਕੀਤੀ ਗਈ ਹੈ। ਸੂਬੇ ਦੇ ਡਾਟਾ ਦੱਸਦਾ ਹੈ ਕਿ ਇਨ੍ਹਾਂ ਮਾਮਲਿਆਂ ਵਿਚੋਂ 36 ਦਾ ਟੀਕਾਕਰਣ ਨਹੀਂ ਸੀ ਹੋਇਆ, ਤਿੰਨ ਦਾ ਅੰਸ਼ਕ ਤੇ 13 ਦਾ ਮੁਕੰਮਲ ਟੀਕਾਕਰਣ ਹੋਇਆ ਸੀ। ਨਵੇਂ ਮਾਮਲਿਆਂ ਨਾਲ ਮਨੀਟੋਬਾ ਵਿਚ 438 ਐਕਟਿਵ ਮਾਮਲਿਆਂ ਨਾਲ ਕੁਲ 59052 ਮਾਮਲੇ ਹੋ ਗਏ ਹਨ ਅਤੇ 57416 ਵਿਅਕਤੀ ਸਿਹਤਯਾਬ ਹੋ ਚੁੱਕੇ ਹਨ। ਮੌਤਾਂ ਦੀ ਗਿਣਤੀ 1198 'ਤੇ ਟਿਕੀ ਹੋਈ ਹੈ।

MORTGAGE
Fall in Love with
SPECIAL MORTGAGE RATES
1.30%*
(5 Yrs. VIRM closed -30 Yrs. Amortization)
If you are paying More than 1.30%
Call us NOW to Lower your Rate!
*Conditions Apply. Rates subject to change without notice
Raj Gill has
"NO STRESS TEST MORTGAGE*"
Quick Approval to Purchase in 2 to 3 days. Qualify for Bigger Mortgage with Less income.
RAJ GILL, AMP
Unit 200-6330 Fraser St, Vancouver. @47 Ave & Fraser St
604 564 1000
Superior Mortgage
The Banking Alternative
OUR SYMBOL OF CARE & SERVICES
SHARNJIT GILL, AMP
Unit 244 8138 128 St, Surrey. www.quickapproval.ca
604 507 1000

# ਢੀਂਡਸਾ ਅਤੇ ਬ੍ਰਹਮਪੁਰਾ ਵੱਲੋਂ ਬਾਦਲਾਂ ਨਾਲ ਜਿਉਂਦੇ ਜੀਅ ਸਮਝੌਤਾ ਨਾ ਕਰਨ ਦਾ ਐਲਾਨ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਬਾਦਲਾਂ ਨਾਲ ਕਿਸੇ ਵੀ ਤਰ੍ਹਾਂ ਦੀ ਸਿਆਸੀ ਸਾਂਝ ਨਾ ਪਾਉਣ ਦਾ ਐਲਾਨ ਕੀਤਾ ਹੈ। ਜਥੇਦਾਰ ਬ੍ਰਹਮਪੁਰਾ ਅਤੇ ਢੀਂਡਸਾ ਨੇ ਸਾਂਝੇ ਬਿਆਨ ਰਾਹੀਂ ਕਿਹਾ, 'ਅਸੀਂ ਆਪਣੇ ਜਿਉਂਦੇ ਜੀਅ ਕਦੇ ਵੀ ਬਾਦਲਾਂ ਨਾਲ ਸਮਝੌਤਾ ਕਰਕੇ ਅਕਾਲੀ ਦਲ ਵਿੱਚ ਵਾਪਸ ਨਹੀਂ ਜਾਵਾਂਗੇ।' ਅਕਾਲੀ ਦਲ (ਸੰਯੁਕਤ) ਦੇ ਆਗੂਆਂ ਨੇ ਕਿਹਾ,'ਅਸੀਂ ਅਕਾਲੀ ਦਲ ਦੇ ਸਿਧਾਂਤਾਂ 'ਤੇ ਪਹਿਰਾ ਦਿੱਤਾ ਹੈ ਅਤੇ ਦਿੰਦੇ ਰਹਾਂਗੇ।' ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂਆਂ ਅਤੇ ਵਰਕਰਾਂ ਨੂੰ ਬਾਦਲ ਦਲ ਵੱਲੋਂ ਜਥੇਦਾਰ ਬ੍ਰਹਮਪੁਰਾ ਤੇ ਢੀਂਡਸਾ ਦੇ ਮੁੜ ਬਾਦਲ ਦਲ ਵਿੱਚ ਵਾਪਸ ਜਾਣ ਦੀਆਂ ਝੂਠੀਆਂ ਉਡਾਈਆਂ ਜਾ ਰਹੀਆਂ ਅਫਵਾਹਾਂ ਤੋਂ ਸਚੇਤ ਰਹਿਣ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਬਾਦਲਾਂ ਦਾ ਅਸਲ ਕਿਰਦਾਰ ਲੋਕਾਂ ਨੇ ਖਾਸ ਕਰਕੇ ਨੌਜਵਾਨਾਂ ਨੇ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆਂ ਸਾਹਮਣੇ ਰੱਖ ਦਿੱਤਾ ਹੈ। ਅਕਾਲੀ ਦਲ ਦੀ ਮੌਜੂਦਾ ਬਦਹਾਲੀ ਵਿੱਚ ਸੁਖਬੀਰ ਬਾਦਲ ਦਾ ਹਾਲ ਉਸ ਲੱਕੜਹਾਰੇ ਵਰਗਾ ਹੈ ਜੋ ਜਿਸ ਟਾਹਣੀ ਉੱਤੇ ਬੈਠਾ ਹੈ ਉਸੇ ਨੂੰ ਹੀ ਵੱਢ ਰਿਹਾ ਹੈ। ਦੋਵੇਂ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਸਾਂਝੇ ਪਲੇਟਫਾਰਮ 'ਤੇ ਖੁੱਲ੍ਹੀ ਬਹਿਸ ਕਰਨ



ਦੀ ਚੁਣੌਤੀ ਵੀ ਦਿੱਤੀ ਹੈ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ 100 ਸਾਲ ਪੁਰਾਣੀ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦਾ ਬੜਾ ਸ਼ਾਨਾਂਮੱਤਾ ਇਤਿਹਾਸ ਹੈ। ਕੋਈ ਸਮਾਂ ਸੀ ਜਦੋਂ ਅਕਾਲੀ ਦਲ ਵਿੱਚ ਕੁਰਬਾਨੀਆਂ ਕਰਨ ਵਾਲੇ ਅਤੇ ਸਿਧਾਂਤਾਂ ਉੱਤੇ ਪਹਿਰਾ ਦੇਣ ਵਾਲੇ ਆਗੂਆਂ ਦੀ ਹੀ ਬਹੁਤਾਤ ਹੁੰਦੀ ਸੀ ਪਰ ਜਦੋਂ ਤੋਂ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦਾ ਪ੍ਰਧਾਨ ਬਣਿਆ ਹੈ, ਇਸ ਨੇ ਪਾਰਟੀ ਨੂੰ ਪ੍ਰਾਈਵੇਟ ਕੰਪਨੀ ਵਾਂਗ ਚਲਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੀਆਂ ਆਪਹੁਦਰੀਆਂ, ਧੱਕੇਸ਼ਾਹੀਆਂ ਅਤੇ ਤਾਨਾਸ਼ਾਹੀ ਰਵੱਈਏ ਨੇ ਪਾਰਟੀ ਨੂੰ ਇਸ ਕਦਰ ਨੀਵਾਂ ਲਿਆਂਦਾ ਕਿ ਕਿਸੇ ਸਮੇਂ ਪੰਜਾਬ ਦੀ ਪ੍ਰਮੁੱਖ ਪਾਰਟੀ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਵਿਰੋਧੀ ਧਿਰ ਵਿੱਚ ਬੈਠਣ ਦਾ ਮੌਕਾ ਵੀ ਨਸੀਬ ਨਹੀਂ ਹੋਇਆ। ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿਵਾਉਣ ਦਾ ਡਰਾਮਾ ਰਚਣ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਦੀ ਸ਼ਨਾਖਤ ਨਾ ਕਰ ਸਕਣ, ਬਹਿਬਲ ਕਲਾਂ ਗੋਲੀ ਕਾਂਡ ਦੀ ਅਸਲੀਅਤ ਲੋਕਾਂ ਅੱਗੇ ਨਸ਼ਰ ਨਾ ਕਰਨ, ਟਰਾਂਸਪੋਰਟ, ਰੇਤ, ਕੇਬਲ, ਸ਼ਰਾਬ ਅਤੇ ਹੋਰ ਵੀ ਕਈ ਤਰ੍ਹਾਂ ਦੇ ਨਸ਼ਿਆਂ 'ਤੇ ਕਾਬੂ ਨਾ ਪਾ ਸਕਣ ਕਾਰਨ ਪੰਜਾਬ ਦਾ ਜੋ ਨੁਕਸਾਨ ਹੋਇਆ ਹੈ ਇਹ ਨੁਕਸਾਨ ਪੰਜਾਬੀਆਂ ਦੀ ਕਈ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

## ਬਨਵਾਰੀ ਲਾਲ ਪੁਰੋਹਿਤ ਪੰਜਾਬ ਦੇ ਰਾਜਪਾਲ ਨਿਯੁਕਤ

ਚੰਡੀਗੜ੍ਹ-ਤਾਮਿਲ ਨਾਡੂ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੂੰ ਪੰਜਾਬ ਦਾ ਰੈਗੂਲਰ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਰਾਸ਼ਟਰਪਤੀ ਭਵਨ ਵੱਲੋਂ ਜਾਰੀ ਸੁਨੇਹੇ ਅਨੁਸਾਰ ਇਸ ਤੋਂ ਪਹਿਲਾਂ ਸ੍ਰੀ ਪੁਰੋਹਿਤ ਨੂੰ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਦਾ ਐਡੀਸ਼ਨਲ ਚਾਰਜ ਸੌਂਪਿਆ ਗਿਆ ਸੀ। ਉਨ੍ਹਾਂ ਦੀ ਥਾਂ ਹੁਣ ਆਰ.ਐੱਨ. ਰਵੀ ਤਾਮਿਲ ਨਾਡੂ ਦੇ ਨਵੇਂ ਰਾਜਪਾਲ ਹੋਣਗੇ।

## ਪਾਕਿਸਤਾਨ ਵੱਲੋਂ ਤਾਲਿਬਾਨ ਸ਼ਾਸ਼ਨ ਦੀ ਤਰਫਦਾਰੀ

ਇਸਲਾਮਾਬਾਦ-ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਅਫ਼ਗਾਨਿਸਤਾਨ ਦੇ ਗੁਆਂਢੀ ਮੁਲਕਾਂ ਦੀ ਮੰਤਰੀ ਪੱਧਰੀ ਪਹਿਲੀ ਮੀਟਿੰਗ ਦੀ ਮੇਜ਼ਬਾਨੀ ਕੀਤੀ। ਇਸ ਦੌਰਾਨ ਸ੍ਰੀ ਕੁਰੈਸ਼ੀ ਨੇ ਕਿਹਾ ਕਿ ਜੰਗ ਪ੍ਰਭਾਵਿਤ ਮੁਲਕ ਅਫ਼ਗਾਨਿਸਤਾਨ ਵਿਚ ਹਾਲਾਤ ਗੁੰਝਲਦਾਰ ਤੇ ਤਬਦੀਲੀ ਵਾਲੇ ਬਣੇ ਹੋਏ ਹਨ ਪਰ ਇਸ ਦੀ ਨਵੀਂ ਹਕੀਕਤ ਨੂੰ ਦੇਖਣ ਲਈ ਦੁਨੀਆ ਨੂੰ ਆਪਣਾ ਪੁਰਾਣਾ ਨਜ਼ਰੀਆ ਬਦਲਣਾ ਹੋਵੇਗਾ ਅਤੇ ਇਕ ਵਿਹਾਰਕ ਨਜ਼ਰੀਏ ਨਾਲ ਅੱਗੇ ਵਧਣਾ ਹੋਵੇਗਾ। ਕੁਰੈਸ਼ੀ ਨੇ ਚੀਨ, ਇਰਾਨ, ਤਾਜਿਕਿਸਤਾਨ, ਤੁਰਕਮੇਨਿਸਤਾਨ ਅਤੇ ਉਜ਼ਬੇਕਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਪਹਿਲੀ ਡਿਜੀਟਲ ਮੀਟਿੰਗ ਦੀ ਪ੍ਰਧਾਨਗੀ ਕਰਨ ਮਗਰੋਂ ਟਵੀਟ ਕੀਤੇ। ਇਕ ਟਵੀਟ ਵਿਚ ਉਨ੍ਹਾਂ ਕਿਹਾ, "ਅਫ਼ਗਾਨਿਸਤਾਨ ਵਿਚ ਸਥਿਤੀ ਗੁੰਝਲਦਾਰ ਤੇ ਬਦਲਾਅ ਵਾਲੀ ਬਣੀ ਹੋਈ ਹੈ। ਸਾਨੂੰ ਆਸ ਹੈ ਕਿ ਸਿਆਸੀ ਹਾਲਾਤ ਸਥਿਰ ਹੋ ਜਾਣਗੇ ਅਤੇ ਜਲਦੀ ਹੀ ਸਥਿਤੀਆਂ ਆਮ ਹੋ ਜਾਣਗੀਆਂ।

# ਅਕਾਲੀ ਦਲ ਵੱਲੋਂ ਬਸਪਾ ਨਾਲ ਅੰਮ੍ਰਿਤਸਰ ਉਤਰੀ ਤੇ ਪਠਾਨਕੋਟ ਸੀਟਾਂ ਦੀ ਅਦਲਾ ਬਦਲੀ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰ ਖੜ੍ਹੇ ਕਰਨ ਸਬੰਧੀ ਆਪਣੀ ਭਾਈਵਾਲ ਪਾਰਟੀ ਬਸਪਾ ਨਾਲ ਦੋ ਸੀਟਾਂ 'ਤੇ ਅਦਲਾ-ਬਦਲੀ ਕਰ ਲਈ ਹੈ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚਲਾ ਹਲਕਾ ਸ਼ਾਮਚੁਰਾਸੀ ਉਨ੍ਹਾਂ ਬਸਪਾ ਨੂੰ ਦੇ ਕੇ ਅੰਮ੍ਰਿਤਸਰ (ਉੱਤਰੀ) ਅਤੇ ਪਠਾਨਕੋਟ ਜ਼ਿਲ੍ਹੇ ਦਾ ਹਲਕੇ ਸੁਜਾਨਪੁਰ ਲੈ ਲਿਆ ਹੈ। ਸੁਖਬੀਰ ਨੇ ਅੰਮ੍ਰਿਤਸਰ (ਉੱਤਰੀ) ਹਲਕੇ ਤੋਂ ਭਾਜਪਾ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਏ ਸਾਬਕਾ ਮੰਤਰੀ ਅਨਿਲ ਜੋਸ਼ੀ ਨੂੰ ਅਤੇ ਸੁਜਾਨਪੁਰ ਵਿਧਾਨ ਸਭਾ ਹਲਕੇ ਤੋਂ ਰਾਜ ਕੁਮਾਰ ਗੁਪਤਾ ਨੂੰ ਉਮੀਦਵਾਰ ਐਲਾਨ ਦਿੱਤਾ ਹੈ।

### ਬਸਪਾ ਨੇ ਸ਼ਾਮਚੁਰਾਸੀ ਤੋਂ ਸੰਧਰਾਂ ਨੂੰ ਉਮੀਦਵਾਰ ਐਲਾਨਿਆ

ਜਲੰਧਰ-ਬਸਪਾ ਨੇ ਸ਼ਾਮਚੁਰਾਸੀ ਵਿਧਾਨ ਸਭਾ ਹਲਕੇ ਤੋਂ ਮਹਿੰਦਰ ਸਿੰਘ ਸੰਧਰਾਂ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਪਾਰਟੀ ਨੇ ਅਕਾਲੀ ਦਲ ਨਾਲ ਹੋਏ ਸਮਝੌਤੇ 'ਚ ਮਿਲੀਆਂ 20 ਸੀਟਾਂ 'ਚੋਂ ਨੌਂ 'ਤੇ ਉਮੀਦਵਾਰ ਐਲਾਨ ਦਿੱਤੇ ਹਨ। ਬਸਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ, ਵਿਪੁਲ ਕੁਮਾਰ ਅਤੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ਹੇਠ ਇਥੇ ਪਾਰਟੀ ਦਫਤਰ ਵਿੱਚ ਹੋਈ ਮੀਟਿੰਗ 'ਚ ਸੰਧਰਾਂ ਨੂੰ ਉਮੀਦਵਾਰ ਐਲਾਨਿਆ ਗਿਆ। ਗੜ੍ਹੀ ਨੇ ਕਿਹਾ ਕਿ ਅਕਾਲੀ-ਬਸਪਾ ਦੀ ਸਰਕਾਰ ਬਣਦੇ ਸਾਰ ਹੀ ਬਾਬਾ ਜੀਵਨ ਸਿੰਘ ਦੇ ਜਨਮ ਦਿਨ 'ਤੇ ਗਜ਼ਟਿਡ ਛੁੱਟੀ ਕੀਤੀ ਜਾਵੇਗੀ ਤੇ ਉਨ੍ਹਾਂ ਦੇ ਨਾਂ 'ਤੇ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬਾਬਾ ਜੀਵਨ ਸਿੰਘ ਨੂੰ ਸਮਰਪਿਤ 'ਅਸੀਂ ਕਿਤੇ ਭੁੱਲ ਨਾ ਜਾਈਏ ਮਹਾਂਪੁਰਸ਼ਾਂ ਦੀ ਕੁਰਬਾਨੀ' ਅੰਦੋਲਨ ਸ਼ੁਰੂ ਕੀਤਾ ਜਾਵੇਗਾ, ਜਿਸ ਤਹਿਤ 11 ਸਤੰਬਰ ਨੂੰ ਬੁਢਲਾਡੇ 'ਚ ਵੱਡਾ ਇਕੱਠ ਕੀਤਾ ਜਾਵੇਗਾ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.
Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ



• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421



# ਸਪੈਸ਼ਲ ਸੇਲ !

www.dream-carpets.com

# dream carpets

Shaw FLOORS

Ansonylon

STAINMASTER CARPET

ClearTouch

**from $1.98 SF — Berber Installed**

**Textured Saxony Installed — from $2.28 SF**

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

## ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

**NOBODY KNOWS FLOORING LIKE DREAM CARPETS**

**SERVING WESTERN CANADA FOR OVER 38 YEARS**



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਪਾਰਟੀ ਸੰਵਿਧਾਨ ਦੇ ਧੋਖਾਧੜੀ ਮੁੱਦੇ 'ਚ ਸੁਖਬੀਰ ਸਿੰਘ ਬਾਦਲ ਨੂੰ ਪੇਸ਼ੀ ਪਿੱਛੋ ਜ਼ਮਾਨਤ ਮਿਲੀ


ਹੁਸ਼ਿਆਰਪੁਰ-ਪਾਰਟੀ ਸੰਵਿਧਾਨ ਵਿੱਚ ਕਥਿਤ ਦੋਹਰੇ ਮਾਪਦੰਡ ਅਪਣਾਉਣ ਨਾਲ ਜੁੜੇ ਧੋਖਾਧੜੀ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਹੋਏ। ਇਸ ਕੇਸ 'ਚ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਹੈ। ਉਨ੍ਹਾਂ ਦੇ ਵਕੀਲ ਨੇ ਪੇਸ਼ਗੀ ਜ਼ਮਾਨਤ ਲਈ ਇੱਕ ਲੱਖ ਰੁਪਏ ਦਾ ਮੁਚੱਲਕਾ ਭਰਿਆ। ਇਸ ਤੋਂ ਇਲਾਵਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਉਨ੍ਹਾਂ ਦੀ ਜ਼ਮਾਨਤ ਲਈ ਇੱਕ ਲੱਖ ਰੁਪਏ ਦੀ ਜ਼ਾਮਨੀ ਜਮ੍ਹਾਂ ਕਰਵਾਈ।



ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 28 ਸਤੰਬਰ 'ਤੇ ਪਾ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਮਾਜ ਸੇਵੀ ਬਲਵੰਤ ਸਿੰਘ ਖੇੜਾ ਨੇ ਅਕਾਲੀ ਆਗੂਆਂ 'ਤੇ ਦੋਹਰੇ ਪਾਰਟੀ ਸੰਵਿਧਾਨ ਸਬੰਧੀ ਦੋਸ਼ ਲਾਉਂਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਪੁੱਤਰ ਸੁਖਬੀਰ ਬਾਦਲ ਅਤੇ ਸੀਨੀਅਰ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਖ਼ਿਲਾਫ਼ ਹੁਸ਼ਿਆਰਪੁਰ ਦੀ ਅਦਾਲਤ ਵਿੱਚ ਧੋਖਾਧੜੀ ਦਾ ਕੇਸ ਦਾਇਰ ਕੀਤਾ ਹੋਇਆ ਹੈ। ਅਕਾਲੀ ਆਗੂਆਂ ਨੇ ਕੇਸ ਦੀ ਸੁਣਵਾਈ ਰੋਕਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਅਰਜ਼ੀ ਦਾਇਰ ਕੀਤੀ ਸੀ ਪਰ ਬੀਤੇ ਦਿਨੀਂ ਅਦਾਲਤ ਨੇ ਇਸ ਨੂੰ ਖਾਰਜ ਕਰ ਦਿੱਤਾ ਸੀ। ਇਸ ਪਿੱਛੋਂ ਸੁਖਬੀਰ ਨੇ ਹੁਸ਼ਿਆਰਪੁਰ ਸੈਸ਼ਨ ਕੋਰਟ 'ਚ ਅਗਾਊਂ ਜ਼ਮਾਨਤ ਦੀ ਅਰਜ਼ੀ ਲਗਾਈ ਸੀ, ਜਿਸ 'ਤੇ ਉਨ੍ਹਾਂ ਨੂੰ ਟਰਾਇਲ ਕੋਰਟ ਅੱਗੇ 13 ਸਤੰਬਰ ਤੋਂ ਪਹਿਲਾਂ ਨਿੱਜੀ ਤੌਰ 'ਤੇ ਪੇਸ਼ ਹੋ ਕੇ ਜ਼ਮਾਨਤ ਕਰਾਉਣ ਲਈ ਆਖਿਆ ਗਿਆ ਸੀ। ਇਸੇ ਸਬੰਧੀ ਉਹ ਅੱਜ ਪਾਰਟੀ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨਾਲ ਅਦਾਲਤ 'ਚ ਪੇਸ਼ ਹੋਏ। ਚੀਮਾ ਦੀ ਇਸ ਕੇਸ ਵਿਚ ਪਹਿਲਾਂ ਹੀ ਅਗਾਊਂ ਜ਼ਮਾਨਤ ਹੋ ਚੁੱਕੀ ਹੈ। ਖੇੜਾ ਨੇ ਚੋਣ ਕਮਿਸ਼ਨ ਨਾਲ ਧੋਖਾਧੜੀ ਕਰਨ ਦੇ ਦੋਸ਼ 'ਚ ਅਕਾਲੀ ਆਗੂਆਂ 'ਤੇ ਕਾਨੂੰਨੀ ਕਾਰਵਾਈ ਕਰਨ ਅਤੇ ਸਿਆਸੀ ਪਾਰਟੀ ਵਜੋਂ ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ ਹੈ।

# 'ਆਪ' ਆਗੂ ਸੰਜੇ ਸਿੰਘ ਨੇ ਮਜੀਠੀਆ ਦੇ ਮਾਨਹਾਨੀ ਕੇਸ ਸਬੰਧੀ ਅਦਾਲਤ 'ਚ ਪੇਸ਼

ਅੰਮ੍ਰਿਤਸਰ-ਇੱਥੇ ਮਾਣਹਾਨੀ ਦੇ ਕੇਸ ਸਬੰਧੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਜੇ ਸਿੰਘ ਸਥਾਨਕ ਅਦਾਲਤ ਪੇਸ਼ ਹੋਏ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 27 ਸਤੰਬਰ ਨੂੰ ਰੱਖੀ ਹੈ। 'ਆਪ' ਆਗੂ ਸੰਜੈ ਸਿੰਘ ਅੱਜ ਸਵੇਰੇ ਇਥੇ ਪੁੱਜੇ ਸਨ ਅਤੇ ਕੇਸ ਦੀ ਸੁਣਵਾਈ ਮਗਰੋਂ ਵਾਪਸ ਪਰਤ ਗਏ। ਉਨ੍ਹਾਂ ਦੇ ਵਕੀਲ ਅਤੇ 'ਆਪ' ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਸੇਠੀ ਨੇ ਦਸਿਆ ਕਿ ਅੱਜ ਮੁਦੱਈ ਧਿਰ ਨੇ ਗਵਾਹੀ ਕਰਵਾਈ ਸੀ, ਜਿਸ 'ਤੇ ਦੂਜੀ ਧਿਰ ਵੱਲੋਂ ਸੁਆਲ-ਜੁਆਬ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਇਸ ਕੇਸ ਵਿੱਚ ਅਗਲੀ ਸੁਣਵਾਈ 27 ਸਤੰਬਰ ਨੂੰ ਨਿਰਧਾਰਤ ਕੀਤੀ ਹੈ। ਇਥੇ ਦੱਸਣਯੋਗ ਹੈ ਕਿ ਇਹ ਕੇਸ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਕੀਤਾ ਗਿਆ ਸੀ, ਜਿਸ ਵਿੱਚ ਉਨ੍ਹਾਂ 'ਆਪ' ਆਗੂਆਂ ਖ਼ਿਲਾਫ਼ ਮਾਣਹਾਨੀ ਦੇ ਦੋਸ਼ ਲਾਏ ਸਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਪ੍ਰਚਾਰ ਦੌਰਾਨ 'ਆਪ' ਆਗੂਆਂ ਨੇ ਅਕਾਲੀ ਆਗੂ 'ਤੇ ਕਥਿਤ ਨਸ਼ਿਆਂ ਦੇ ਕਾਰੋਬਾਰ ਦੇ ਕਥਿਤ ਦੋਸ਼ ਲਾਏ ਸਨ। ਇਸੇ ਮਾਮਲੇ ਸਬੰਧੀ ਸ੍ਰੀ ਮਜੀਠੀਆ ਨੇ 'ਆਪ' ਆਗੂ ਸੰਜੈ ਸਿੰਘ ਸਮੇਤ ਅਰਵਿੰਦ ਕੇਜਰੀਵਾਲ ਅਤੇ ਅਸ਼ੀਸ਼ ਖੇਤਾਨ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਅਰਵਿੰਦ ਕੇਜਰੀਵਾਲ ਅਤੇ ਅਸ਼ੀਸ਼ ਖੇਤਾਨ ਨੇ ਕੇਸ ਚੱਲਣ ਤੋਂ ਕੁਝ ਸਮੇਂ ਬਾਅਦ ਹੀ ਮੁਆਫ਼ੀ ਮੰਗ ਲਈ ਸੀ ਪਰ ਸੰਜੇ ਸਿੰਘ ਖ਼ਿਲਾਫ਼ ਇਹ ਕੇਸ ਲਗਾਤਾਰ ਚੱਲ ਰਿਹਾ ਹੈ। 'ਆਪ' ਆਗੂ ਸੰਜੇ ਸਿੰਘ ਅਦਾਲਤੀ ਕਾਰਵਾਈ ਮਗਰੋਂ ਸਾਬਕਾ ਪੁਲੀਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਦਫ਼ਤਰ ਵੀ ਗਏ, ਜਿਥੇ ਉਨ੍ਹਾਂ 'ਆਪ' ਆਗੂਆਂ ਨਾਲ ਗੈਰਰਸਮੀ ਮੀਟਿੰਗ ਵੀ ਕੀਤੀ। ਮੀਡੀਆ ਨਾਲ ਸੰਖੇਪ ਗੱਲਬਾਤ ਕਰਦਿਆਂ ਉਨ੍ਹਾਂ ਕਿਸਾਨਾਂ 'ਤੇ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਇਸ ਘਟਨਾਕ੍ਰਮ ਨੂੰ ਹਿਟਲਰਸ਼ਾਹੀ ਕਰਾਰ ਦਿੱਤਾ। 'ਆਪ' ਆਗੂ ਨੇ ਅਦਾਲਤੀ ਕੇਸ ਬਾਰੇ ਕਿਹਾ ਕਿ ਉਹ ਸੱਚ ਦੀ ਲੜਾਈ ਲੜ ਰਹੇ ਹਨ ਅਤੇ ਇਸ ਵਿੱਚ ਨਿਆਂ ਜ਼ਰੂਰ ਮਿਲੇਗਾ।




*We are able to do the following by phone, email, and walk-in:*

- Renewals
- Some Changes to Autoplan
- Parking Or Storage Insurance, Permits

**The following is insurance to be done as walk -in to the office:**

- New Plates and New Policies
- Changes to Autoplan
- Cancellations, Permits
- We also sell Home, Business, and Travel Insurance

*We practice social distancing*

*Visit us at one of our two locations during the following hours for walk-ins service:*

**Nationwide Insurance Agency Ltd.**
Mon-Friday 9:00 am to 8:00 pm, Sat – 9:00 to 5:00 pm
Sun 10:00 to 6:00 pm, Open on Stat holidays

**Alpine Insurance Agencies Ltd.**
Mon-Friday 9:00 am to 6:00 pm, Sat – 9:00 to 4:00 pm
#109 – 4061 200 St., Langley, BC



**Rad**

NATIONWIDE INSURANCE AGENCY 2016 LTD.

T: 604.562.1234
#104-9093-King George Blvd, Surrey BC
info@nationwideltd.ca
www.nationwideltd.ca


# ਸਰਨਾ ਦਲ ਵੱਲੋਂ ਚੁਣਿਆ ਗਿਆ ਮੈਂਬਰ ਕਾਲੜਾ ਅਕਾਲੀ ਦਲ ਚ ਸ਼ਾਮਿਲ

ਚੰਡੀਗੜ੍ਹ-ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲੀ ਅਕਾਲੀ ਦਲ ਦਿੱਲੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਦੂਜੀ ਵਾਰ ਦਿੱਲੀ ਗੁਰਦੁਆਰਾ ਕਮੇਟੀ ਦਾ ਮੈਂਬਰ ਚੁਣੇ ਗਏ ਪਾਰਟੀ ਆਗੂ ਸੁਖਬੀਰ ਸਿੰਘ ਕਾਲੜਾ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਕਾਲੜਾ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ ਕਰਦਿਆਂ



ਬਾਦਲ ਨੇ ਉਨ੍ਹਾਂ ਨੂੰ ਪਾਰਟੀ ਤੇ ਦਿੱਲੀ ਗੁਰਦੁਆਰਾ ਕਮੇਟੀ ਵਿੱਚ ਬਣਦਾ ਮਾਣ ਤੇ ਸਤਿਕਾਰ ਦੇਣ ਦਾ ਭਰੋਸਾ ਦਿਵਾਇਆ। ਪਾਰਟੀ ਵਿੱਚ ਸ਼ਾਮਲ ਕਰਨ 'ਤੇ ਸੁਖਬੀਰ ਬਾਦਲ, ਦਿੱਲੀ ਇਕਾਈ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਦਿੱਲੀ ਕਮੇਟੀ ਮਨਜਿੰਦਰ ਸਿੰਘ ਸਿਰਸਾ ਦੀ ਹਾਜ਼ਰੀ ਵਿੱਚ ਧੰਨਵਾਦ ਕਰਦਿਆਂ ਕਾਲੜਾ ਨੇ ਕਿਹਾ ਕਿ ਹੋਰ ਸਾਥੀ ਵੀ ਪਾਰਟੀ ਵਿੱਚ ਸ਼ਾਮਲ ਹੋਣਗੇ।










## ਕੈਨੇਡਾ ਫੈਡਰਲ ਚੋਣਾਂ...

# ਬਹੁਮਤ ਦਾ ਲਾਲਚ ਤੇ ਮੌਕਾਪ੍ਰਸਤੀ 'ਚ ਉਲਝੀ ਸਿਆਸਤ...

**ਸੁਖਵਿੰਦਰ ਸਿੰਘ ਚੋਹਲਾ**

ਕੋਵਿਡ ਮਹਾਂਮਾਰੀ ਦੀ ਚੌਥੀ ਵੇਵ ਦਾ ਸਾਹਮਣਾ ਕਰ ਰਹੇ ਕੈਨੇਡੀਅਨ 20 ਸਤੰਬਰ ਨੂੰ ਨਵੀ ਸਰਕਾਰ ਲਈ ਵੋਟਾਂ ਪਾਉਣ ਜਾ ਰਹੇ ਹਨ। ਪ੍ਰਧਾਨ ਮੰਤਰੀ ਵਲੋ ਕੋਵਿਡ ਸੰਕਟ ਨਾਲ ਸਫਲਤਾਪੂਰਵਕ ਨਿਪਟਣ ਦੇ ਇਵਜ਼ ਵਿਚ ਲੋਕਾਂ ਤੋ ਭਾਰੀ ਸਮਰਥਨ ਦੀ ਉਮੀਦ ਨਾਲ ਅਚਨਚੇਤ ਚੋਣਾਂ ਕਰਵਾਉਣ ਦਾ 'ਪੰਗਾ' ਸਹੇੜਿਆ ਗਿਆ ਹੈ। ਇਸ 20 ਸਤੰਬਰ ਨੂੰ ਪੈ ਰਹੀਆਂ ਵੋਟਾਂ ਨਿਰਧਾਰਿਤ ਸਮੇਂ ਤੋ ਪੂਰੇ ਦੋ ਸਾਲ ਪਹਿਲਾਂ ਕਰਵਾਈਆਂ ਜਾ ਰਹੀਆਂ ਹਨ ਤੇ ਉਹ ਵੀ ਹਾਰਪਰ ਸਰਕਾਰ ਵਲੋ ਨਿਸ਼ਚਿਤ ਸਮੇ ਤੇ ਵੋਟਾਂ ਕਰਵਾਉਣ ਲਈ ਬਣਾਏ ਗਏ ਕਨੂੰਨ ਦੀ ਅਣਦੇਖੀ ਕਰਦਿਆਂ। ਸ਼ਾਇਦ ਉਹ ਕੋਵਿਡ ਦੌਰਾਨ ਚੰਗੀ ਕਾਰਗੁਜ਼ਾਰੀ ਦਿਖਾਉਣ ਲਈ ਕੁਝ ਵਧੇਰੇ ਉਤਸ਼ਾਹਿਤ ਹੁੰਦਿਆਂ, 2019 ਵਿਚ ਰਹਿ ਗਈ ਕਮੀ ਨੂੰ ਪੂਰਾ ਕਰਨ ਲਈ ਬਹੁਮਤ ਵਾਲੀ ਸਰਕਾਰ ਬਣਾਉਣਾ ਸੋਚ ਰਹੇ ਹਨ। ਜਦੋਂਕਿ ਉਹਨਾਂ ਦੇ ਵਿਰੋਧੀ ਕੰਸਰਵੇਟਿਵ ਆਗੂ ਐਰਿਨ ਓਟੂਲ ਅਤੇ ਐਨ ਡੀ ਪੀ ਆਗੂ ਜਗਮੀਤ ਸਿੰਘ ਉਹਨਾਂ ਨੂੰ ਕੋਵਿਡ ਦੌਰਾਨ ਚੋਣਾਂ ਦੇ ਐਲਾਨ ਲਈ ਲਗਾਤਾਰ ਘੇਰਦੇ ਆ ਰਹੇ ਹਨ। ਵਿਰੋਧੀ ਆਗੂਆਂ ਵਲੋਂ ਇਸਨੂੰ ਟਰੂਡੋ ਦੀ ਮੌਕਾਪ੍ਰਸਤੀ ਕਹਿਕੇ ਭੰਡਿਆ ਜਾ ਰਿਹਾ ਹੈ। ਕੋਵਿਡ ਰਿਆਇਤਾਂ ਲਈ ਚੋਣਾਂ ਦੀ ਮੌਕਾਪ੍ਰਸਤੀ ਦਾ ਮੁੱਦਾ ਲਿਬਰਲ ਦੇ ਇਤਨਾ ਖਿਲਾਫ ਭੁਗਤਦਾ ਨਜ਼ਰ ਆ ਰਿਹਾ ਹੈ ਕਿ ਹੁਣ ਤੱਕ ਦੇ ਸਾਰੇ ਚੋਣ ਸਰਵੇਖਣ ਲਿਬਰਲ ਅਤੇ ਪ੍ਰਧਾਨ ਮੰਤਰੀ ਦੀ ਲੋਕਪ੍ਰਿਯਤਾ ਵਿਚ ਲਗਾਤਾਰ ਗਿਰਾਵਟ ਦਿਖਾ ਰਹੇ ਹਨ। ਕੋਵਿਡ ਦੀ ਚੌਥੀ ਵੇਵ ਦੀ ਚੇਤਾਵਨੀ ਦੌਰਾਨ ਚੋਣਾਂ ਦੇ ਐਲਾਨ ਨੂੰ ਟਰੂਡੋ ਦਾ ਗਲਤ ਅਤੇ ਲਾਲਚੀ ਫੈਸਲਾ ਕਰਾਰ ਦਿੱਤਾ ਜਾ ਰਿਹਾ ਹੈ। ਇਸਤੋ ਪਹਿਲਾਂ ਜਦੋ ਮੀਡੀਆ ਵਿਚ ਲਗਾਤਾਰ ਅਚਨਚੇਤ ਚੋਣਾਂ ਦੀ ਚਰਚਾ ਹੁੰਦੀ ਸੀ ਤਾਂ ਪ੍ਰਧਾਨ ਮੰਤਰੀ ਕੋਈ ਵੀ ਜਵਾਬ ਦੇਣ ਤੋ ਟਾਲਾ ਵਟ ਜਾਂਦੇ ਸਨ। ਉਹ ਲਗਾਤਾਰ ਲੋਕਾਂ ਨੂੰ ਇਹ ਵਿਸ਼ਵਾਸ ਦੇਣ ਦਾ ਯਤਨ ਕਰਦੇ ਰਹੇ ਕਿ ਉਹਨਾਂ ਦੇ ਸਾਹਮਣੇ ਪਹਿਲਾ ਕੰਮ ਚੋਣਾਂ ਨਹੀਂ ਬਲਕਿ ਲੋਕਾਂ ਦੀ ਸਿਹਤ ਅਤੇ ਕਾਰੋਬਾਰਾਂ ਨੂੰ ਬਚਾਉਣਾ ਹੈ। ਉਹਨਾਂ ਦੇ ਇਸ ਵਿਵਹਾਰ ਦੀ ਲੋਕਾਂ ਵਿਚ ਸਿਫਤ ਵੀ ਹੁੰਦੀ ਰਹੀ ਪਰ ਇਹ ਕੋਈ ਨਹੀ ਸੀ ਜਾਣਦਾ ਕਿ ਉਹਨਾਂ ਦੇ ਅੰਦਰ ਵੀ ਇਕ ਸੱਤਾ ਦਾ ਲਾਲਚੀ ਤੇ ਮੌਕਾਪ੍ਰਸਤ ਆਗੂ ਵੀ ਕਿਤੇ ਛੁਪਿਆ ਬੈਠਾ ਹੈ। ਪ੍ਰਧਾਨ ਮੰਤਰੀ ਟਰੂਡੋ ਵਲੋ ਅਚਨਚੇਤ ਚੋਣਾਂ ਦਾ ਐਲਾਨ ਕਰਦਿਆਂ ਭਾਵੇਂ ਇਸਨੂੰ ਜਮਹੂਰੀਅਤ ਦੀ ਮਜ਼ਬੂਤੀ ਲਈ ਜ਼ਰੂਰੀ ਕਰਾਰ ਦਿੰਦਿਆਂ ਇਹ ਕਿਹਾ ਜਾ ਰਿਹਾ ਹੈ ਕਿ ਕੈਨੇਡਾ ਵਿਚ ਹੋਰ ਮੁਲਕਾਂ ਦੇ ਮੁਕਾਬਲੇ ਉਚ ਵੈਕਸੀਨੇਸ਼ਨ ਦਰ ਕਾਰਣ ਲੋਕ ਸੁਰੱਖਿਅਤ ਹਨ ਤੇ ਉਹ ਨਿਸ਼ਚਿੰਤ ਹੋਕੇ ਵੋਟ ਕਰ ਸਕਦੇ ਹਨ। ਇਸਤੋ ਪਹਿਲਾਂ ਕੈਨੇਡਾ ਹੈਲਥ ਦੀ ਮੁਖੀ ਵੀ ਇਹੀ ਬਿਆਨ ਦੇ ਚੁੱਕੇ ਸਨ ਕਿ ਅਜਿਹੀ ਸਥਿਤੀ ਵਿਚ ਚੋਣਾਂ ਸੁਰੱਖਿਅਤ ਹਨ ਪਰ ਹੁਣ ਉਹੀ ਅਧਿਕਾਰੀ ਕੋਵਿਡ ਦੀ ਚੌਥੀ ਵੇਵ ਦੀਆਂ ਚੇਤਾਵਨੀਆਂ ਦੇ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਅਗਰ ਨੌਜਵਾਨਾਂ ਵਿਚ ਵੈਕਸੀਨੇਸ਼ਨ ਦੀ ਦਰ ਨਹੀ ਵੱਧਦੀ ਤਾਂ ਮੁਲਕ ਦੇ ਹਸਪਤਾਲਾਂ ਸਾਹਮਣੇ ਮੁੜ ਗੰਭੀਰ ਸਥਿਤੀ ਬਣ ਸਕਦੀ ਹੈ। ਸ਼ਾਇਦ ਇਸੇ ਲਈ ਅਲਬਰਟਾ ਨੂੰ ਵੈਕਸੀਨ ਕਰਵਾਉਣ ਵਾਲੇ ਹਰ ਵਿਅਕਤੀ ਨੂੰ 100 ਡਾਲਰ ਇਨਾਮ ਦੇਣ ਦਾ ਐਲਾਨ ਕਰਨਾ ਪਿਆ ਹੈ। ਇਸ ਦੌਰਾਨ ਸਰਕਾਰ ਵਲੋ ਵੈਕਸੀਨ ਪਾਸਪੋਰਟ ਦੇ ਐਲਾਨ ਨੇ ਵੈਕਸੀਨੇਸ਼ਨ ਦੇ ਬੁਰੇ ਪ੍ਰਭਾਵਾਂ ਦਾ ਖਦਸ਼ਾ ਰੱਖਣ ਵਾਲੇ ਲੋਕਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ। ਉਹਨਾਂ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਉਹਨਾਂ ਦੇ ਮਾਨਵੀ ਹੱਕਾਂ ਅਤੇ ਨਿੱਜੀ ਆਜ਼ਾਦੀ ਉਪਰ ਹਿਟਲਰੀ ਹੁਕਮ ਚਾੜ ਰਹੀ ਹੈ। ਭਾਵੇਂਕਿ ਮੈਡੀਕਲ ਸਾਇੰਸ ਵੈਕਸੀਨੇਸ਼ਨ ਨੂੰ ਪੂਰੀ ਤਰਾਂ ਸੁਰੱਖਿਅਤ ਅਤੇ ਕੋਵਿਡ ਤੋ ਬਚਾਅ ਲਈ ਇਕੋ ਇਕ ਹੱਲ ਕਰਾਰ ਦੇ ਚੁੱਕੀ ਹੈ। ਫੈਡਰਲ ਚੋਣ ਮੁਹਿੰਮ ਦੌਰਾਨ ਲਿਬਰਲ ਅਤੇ ਪ੍ਰਮੁੱਖ ਵਿਰੋਧੀ ਪਾਰਟੀਆਂ ਸਾਹਮਣੇ ਕੋਵਿਡ ਮਹਾਂਮਾਰੀ, ਵੈਕਸੀਨੇਸ਼ਨ ਤੋ ਇਲਾਵਾ ਕਾਰੋਬਾਰਾਂ ਦੀ ਸੁਰੱਖਿਆ, ਆਰਥਿਕਤਾ ਦੀ ਮਜ਼ਬੂਤੀ, ਰੋਜ਼ਗਾਰ, ਸਸਤੀਆਂ ਸਿਹਤ ਸਹੂਲਤਾਂ, ਘਰਾਂ ਦੀਆਂ ਅਸਮਾਨ ਚੜੀਆਂ ਕੀਮਤਾਂ, ਮਨੀਲਾਂਡਰਿੰਗ, ਗੈਂਗ ਹਿੰਸਾ, ਡਰੱਗ ਕਾਰੋਬਾਰ, ਨਸਲਵਾਦ, ਅਫਗਾਨਿਸਤਾਨ ਸੰਕਟ ਤੇ ਹੋਰ ਕਈ ਅਹਿਮ ਮੁੱਦੇ ਹਨ ਪਰ ਚੋਣ ਮੁਹਿੰਮ ਦੌਰਾਨ ਕੋਵਿਡ ਟੀਕਾਕਰਣ ਅਤੇ ਵੈਕਸੀਨ ਪਾਸਪੋਰਟ ਦੇ ਮੁੱਦੇ ਉਪਰ ਕੁਝ ਨਾਰਾਜ਼ ਲੋਕਾਂ ਨੇ ਜਿਵੇਂ ਪ੍ਰਧਾਨ ਮੰਤਰੀ ਟਰੂਡੋ ਨੂੰ ਜਿੱਚ ਕਰਨ ਦੀ ਕੋਸ਼ਿਸ਼ ਕੀਤੀ ਤੇ ਭੱਦੀ ਸ਼ਬਦਾਵਲੀ ਵਰਤਦਿਆਂ ਜਿਵੇ ਇਹ ਵਿਰੋਧ ਲਗਾਤਾਰ ਜਾਰੀ ਹੈ, ਉਸ ਨੇ ਚੋਣ ਮੁਹਿੰਮ ਨੂੰ ਅਣਸੁਖਾਵਾਂ ਬਣਾ ਦਿੱਤਾ ਹੈ। ਕੈਨੇਡੀਅਨ ਚੋਣ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਕਿਸੇ ਸੱਤਾਵਾਨ ਪਾਰਟੀ ਦੇ ਆਗੂ ਨਾਲ ਇਵੇਂ ਦਾ ਹੁੱਲੜਬਾਜ਼ੀ ਵਾਲਾ ਵਿਵਹਾਰ ਕੀਤਾ ਗਿਆ ਹੋਵੇ। ਅਜਿਹੇ ਅਸੱਭਿਅਕ ਵਿਵਹਾਰ ਦੀ ਭਾਵੇਂਕਿ ਵਿਰੋਧੀ ਧਿਰਾਂ ਤੇ ਆਗੂਆਂ ਵਲੋ ਨਿੰਦਾ ਕੀਤੀ ਗਈ ਹੈ ਪਰ 'ਉਂਗਲੀ ਪ੍ਰਦਰਸ਼ਨ' ਜਾਰੀ ਹਨ। ਅਜਿਹਾ ਚਲਦਿਆਂ ਲਿਬਰਲ ਨੂੰ ਮੌਕੇ 'ਤੇ ਇਕ ਦੋ ਥਾਵਾਂ ਉਪਰ ਚੋਣ ਰੈਲੀਆਂ ਵੀ ਮੁਲਤਵੀ ਕਰਨੀਆਂ ਪਈਆਂ ਹਨ। ਉਂਜ ਪ੍ਰਧਾਨ ਮੰਤਰੀ ਟਰੂਡੋ ਨੇ ਇਸ ਵਿਰੋਧ ਖਿਲਾਫ ਆਪਣਾ ਤਹੱਮਲ ਅਤੇ ਵੱਡਾ ਜ਼ੇਰਾ ਵਿਖਾਉਂਦਿਆਂ ਲੋਕਾਂ ਨੂੰ ਵੈਕਸੀਨੇਸ਼ਨ ਨੂੰ ਖੁੱਲੇ ਮਨ ਨਾਲ ਅਪਨਾਉਣ ਦਾ ਸੱਦਾ ਦਿੱਤਾ ਹੈ। ਪਰ ਸ਼ਾਇਦ ਵਿਰੋਧੀਆਂ ਦੀ ਇਹ ਦਲੀਲ ਭਾਰੂ ਪੈ ਰਹੀ ਹੈ ਕਿ ਅਗਰ ਵੈਕਸੀਨੇਸ਼ਨ ਜ਼ਰੂਰੀ ਹੈ ਤਾਂ ਚੌਥੀ ਵੇਵ ਦੇ ਚਲਦਿਆਂ ਚੋਣਾਂ ਕਰਵਾਉਣਾ ਜ਼ਰੂਰੀ ਕਿਉ? ਅਚਨਚੇਤ ਚੋਣਾਂ ਵਿਰੋਧੀ ਮੁਹਿੰਮ ਨੂੰ ਵਿਰੋਧੀ ਪਾਰਟੀਆਂ ਦੇ ਆਗੂਆਂ ਵਲੋ ਪ੍ਰਧਾਨ ਮੰਤਰੀ ਦੀ ਮੌਕਾਪ੍ਰਸਤੀ ਅਤੇ ਲਾਲਚ ਕਰਾਰ ਦੇਣ ਨਾਲ ਹੋਰ ਹਵਾ ਮਿਲੀ ਹੈ। ਸ਼ਾਇਦ ਇਸੇ ਲਈ ਤਾਜ਼ਾ ਆਏ ਸਰਵੇਖਣਾਂ ਵਿਚ ਲਿਬਰਲ ਅਤੇ ਪਾਰਟੀ ਆਗੂ ਦੀ ਲੋਕਪ੍ਰਿਯਤਾ ਵਿਚ ਲਗਾਤਾਰ ਗਿਰਾਵਟ ਆਈ ਹੈ। ਸੀ ਟੀ ਵੀ ਲਈ ਨੈਨੋਜ ਦੇ ਤਾਜ਼ਾ ਸਰਵੇਖਣ ਮੁਤਾਬਿਕ ਕੰਸਰਵੇਟਿਵ ਦੀ ਲੋਕਪ੍ਰਿਯਤਾ 35.7 ਪ੍ਰਤੀਸ਼ਤ ਪੁੱਜ ਗਈ ਹੈ ਜਦੋਂਕਿ ਲਿਬਰਲ 30.7 ਪ੍ਰਤੀਸ਼ਤ ਅਤੇ ਐਨ ਡੀ ਪੀ 18.3 ਪ੍ਰਤੀਸ਼ਤ ਤੇ ਹੈ। ਇਸ ਤਰਾਂ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋ ਆਗੂਆਂ ਦੀ ਲੋਕਪ੍ਰਿਯਤਾ ਵਿਚ ਕੰਸਰਵੇਟਿਵ ਆਗੂ ਐਰਿਨ ਓਟੂਲ ਤੀਸਰੇ ਨੰਬਰ ਤੋ ਛਾਲ ਮਾਰੇ ਟਰੂਡੋ ਦੇ ਲਗਪਗ ਬਰਾਬਰ ਜਾ ਖੜੇ ਹੋਏ ਹਨ। ਮਾਹਿਰਾਂ ਮੁਤਾਬਿਕ ਫਰੈਂਚ ਭਾਸ਼ਾ ਵਿਚ ਪਾਰਟੀ ਲੀਡਰਾਂ ਦੀ ਹੋਈ ਪਹਿਲੀ ਬਹਿਸ ਦੌਰਾਨ ਵੀ ਓਟੂਲ ਦੀ ਕਾਰਗੁਜ਼ਾਰੀ ਬੇਹਤਰ ਰਹੀ ਹੈ। ਭਾਵੇਂਕਿ ਟਰੂਡੋ ਵੈਕਸੀਨੇਸ਼ਨ ਅਤੇ ਕੋਵਿਡ ਉਪਾਵਾਂ ਦੇ ਮੁੱਦੇ ਉਪਰ ਲਗਾਤਾਰ ਆਪਣਾ ਪ੍ਰਭਾਵ ਬਣਾਉਣ ਦਾ ਯਤਨ ਕਰਦੇ ਰਹੇ ਪਰ ਐਰਿਨ ਆਪਣਾ ਫੌਜੀ ਪ੍ਰਭਾਵ ਸਿਰਜਣ ਤੋ ਨਹੀ ਖੁੰਝੇ। ਦੂਸਰੇ ਪਾਸੇ ਐਨ ਡੀ ਪੀ ਆਗੂ ਜਗਮੀਤ ਸਿੰਘ ਦੀ ਲੋਕਪ੍ਰਿਯਤਾ ਵਿਚ ਵੀ ਲਗਾਤਾਰ ਵਾਧਾ ਦਰਜ ਕੀਤਾ ਗਿਆ ਹੈ। ਫਰੈਂਚ ਬਹਿਸ ਦੌਰਾਨ ਭਾਵੇ ਉਹ ਨਰਮ ਹੀ ਰਹੇ ਪਰ ਇਸਦੇ ਬਾਵਜੂਦ ਨੌਜਵਾਨ ਅਤੇ ਹਾਸ਼ੀਆਗਤ ਲੋਕਾਂ ਵਿਚ ਉਹਨਾਂ ਦਾ ਵਧ ਰਿਹਾ ਪ੍ਰਭਾਵ ਲਿਬਰਲ ਦੇ ਜੜੀ ਤੇਲ ਦੇ ਰਿਹਾ ਹੈ। ਪਿਛਲੀਆਂ ਚੋਣਾਂ ਵਿਚ ਟਰੂਡੋ, ਵੋਟਰਾਂ ਨੂੰ ਐਨ ਡੀ ਪੀ ਨੂੰ ਵੋਟਾਂ ਪਾਉਣ ਦਾ ਅਰਥ ਕੰਸਰਵੇਟਿਵ ਦੀ ਅਸਿੱਧੀ ਹਮਾਇਤ ਦੀ ਚੇਤਾਵਨੀ ਨਾਲ ਆਪਣੇ ਵੋਟ ਬੈਂਕ ਨੂੰ ਕਾਫੀ ਹੱਦ ਤੱਕ ਖੁਰਨ ਤੋ ਬਚਾਉਣ ਵਿਚ ਸਫਲ ਰਹੇ ਸਨ ਪਰ ਇਸ ਵਾਰ ਕੀ ਅਜਿਹਾ ਸੰਭਵ ਹੋ ਪਾਵੇਗਾ? ਲੀਡਰਸ਼ਿਪ ਦੀ ਅੰਗਰੇਜ਼ੀ ਭਾਸ਼ਾ ਦੀ ਬਹਿਸ 9 ਸਤੰਬਰ ਨੂੰ ਹੋਣ ਜਾ ਰਹੀ ਹੈ। ਇਸ ਬਹਿਸ ਦੌਰਾਨ ਹੀ ਲੀਡਰਸ਼ਿਪ ਦੀ ਕਾਰਗੁਜ਼ਾਰੀ ਅਤੇ ਪਾਰਟੀ ਨੀਤੀਆਂ ਦੇ ਖੁਲਾਸੇ ਦੇ ਆਧਾਰ ਤੇ ਵੋਟਰ ਕੋਈ ਫੈਸਲਾ ਕਰ ਪਾਉਣਗੇ ਪਰ ਮਾਹਿਰਾਂ ਦੀ ਰਾਇ ਨੂੰ ਅਖੋ ਪਰੋਖਾ ਕਰਨਾ ਔਖਾ ਹੈ ਕਿ ਅਗਰ ਕੰਸਰਵੇਟਿਵ ਆਗੂ ਐਰਿਨ ਓਟੂਲ ਆਪਣੀ ਅੱਗੇ ਵਧਣ ਦੀ ਮੌਜੂਦਾ ਰਫਤਾਰ ਨੂੰ ਬਰਕਰਾਰ ਰੱਖ ਪਾਉਂਦੇ ਹਨ ਤਾਂ ਲਿਬਰਲ ਦੀ ਬਹੁਮਤ ਪ੍ਰਾਪਤੀ ਦੇ ਸੁਪਨੇ ਬਿਖਰ ਸਕਦੇ ਹਨ...

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping



Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL | MORTGAGES 1st, 2nd or Private | BUILD WITH WARRANTY BUILD, SUPPORT & ADVICE TEAM WORK
KULWANT ATWAL 604-716-2135 | BHAJAN ATWAL 604-773-8426 | 604-773-8426 604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਅਫਗਾਨਿਸਤਾਨ 'ਚ ਤਾਲਿਬਾਨ ਸਰਕਾਰ ਦਾ ਐਲਾਨ, ਮੁੱਲ੍ਹਾ ਹਸਨ ਦੇ ਹੱਥ ਕਮਾਨ ਸੌਂਪੀ

ਕਾਬੁਲ-ਤਾਲਿਬਾਨ ਦੇ ਚੋਟੀ ਦੇ ਆਗੂ ਮੁੱਲ੍ਹਾ ਹਿਬਾਤੁੱਲ੍ਹਾ ਅਖ਼ੂਨਜ਼ਾਦਾ ਨੇ ਮੁੱਲ੍ਹਾ ਮੁਹੰਮਦ ਹਸਨ ਅਖੁੰਦ ਨੂੰ ਤਾਲਿਬਾਨ ਸਰਕਾਰ ਦੀ ਅਗਵਾਈ ਲਈ ਚੁਣਿਆ ਹੈ। ਮੁੱਲ੍ਹਾ ਹਸਨ ਤਾਲਿਬਾਨ ਦੇ ਸੰਸਥਾਪਕ ਮਰਹੂਮ ਮੁੱਲ੍ਹਾ ਉਮਰ ਦਾ ਸਹਿਯੋਗੀ ਰਿਹਾ ਹੈ। ਮੁੱਲ੍ਹਾ ਅਬਦੁਲ ਗ਼ਨੀ ਬਰਾਦਰ ਜੋ ਕਿ ਤਾਲਿਬਾਨ ਦੀ ਸਿਆਸੀ ਸ਼ਾਖਾ ਦਾ ਚੇਅਰਮੈਨ ਹੈ, ਨੂੰ ਨਵੀਂ ਤਾਲਿਬਾਨ ਸਰਕਾਰ ਦਾ ਉਪ ਮੁਖੀ ਚੁਣਿਆ ਗਿਆ ਹੈ। ਹੱਕਾਨੀ ਨੈੱਟਵਰਕ ਦੇ ਸੰਸਥਾਪਕ ਦੇ ਪੁੱਤਰ ਸਰਾਜੁਦੀਨ ਹੱਕਾਨੀ ਨੂੰ ਨਵਾਂ ਗ੍ਰਹਿ ਮੰਤਰੀ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਹੱਕਾਨੀ ਨੈੱਟਵਰਕ ਨੂੰ ਅਮਰੀਕਾ ਨੇ ਅਤਿਵਾਦੀ ਜਥੇਬੰਦੀ ਐਲਾਨਿਆ ਹੋਇਆ ਹੈ। ਤਾਲਿਬਾਨ ਦੇ ਮੁੱਖ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਇਕ ਮੀਡੀਆ ਕਾਨਫਰੰਸ ਕਰਦਿਆਂ ਦੱਸਿਆ ਕਿ ਮੁੱਲ੍ਹਾ ਉਮਰ ਦੇ ਪੁੱਤਰ ਮੁੱਲ੍ਹਾ ਮੁਹੰਮਦ ਯਾਕੂਬ ਨੂੰ ਰੱਖਿਆ ਮੰਤਰੀ ਬਣਾਇਆ ਗਿਆ ਹੈ। ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਮੁੱਲ੍ਹਾ ਹਿਬਾਤੁੱਲ੍ਹਾ ਅਖ਼ੂਨਜ਼ਾਦਾ ਦੀ ਸਰਕਾਰ ਵਿਚ ਕੀ ਭੂਮਿਕਾ ਹੋਵੇਗੀ। ਪੱਛਮੀ ਮੁਲਕਾਂ ਦੀ ਹਮਾਇਤ ਪ੍ਰਾਪਤ ਸਰਕਾਰ ਦੇ ਡਿੱਗਣ ਤੇ ਤਾਲਿਬਾਨ ਵੱਲੋਂ ਕਾਬੁਲ ਉਤੇ ਕਬਜ਼ੇ ਤੋਂ ਬਾਅਦ ਨਾ ਤਾਂ ਅਖ਼ੂਨਜ਼ਾਦਾ ਨੂੰ ਕਿਸੇ ਨੇ ਦੇਖਿਆ ਹੈ ਤੇ ਨਾ ਹੀ ਸੁਣਿਆ ਹੈ। ਵੱਖ-ਵੱਖ ਕੱਟੜ ਇਸਲਾਮਿਕ ਜਥੇਬੰਦੀਆਂ ਤੋਂ ਆਗੂਆਂ ਨੂੰ ਸਰਕਾਰ ਲਈ ਚੁਣ ਕੇ ਤਾਲਿਬਾਨ ਨੇ ਸੰਕੇਤ ਦਿੱਤਾ ਹੈ ਕਿ ਉਹ ਕਿਸੇ ਵੀ ਵਿਰੋਧ ਪ੍ਰਤੀ ਨਰਮੀ ਨਹੀਂ ਵਰਤਣਗੇ। ਜ਼ਿਕਰਯੋਗ ਹੈ ਕਿ ਤਾਲਿਬਾਨ ਨੇ ਅੱਜ ਕਾਬੁਲ ਵਿਚ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਫਾਇਰਿੰਗ ਕੀਤੀ ਸੀ। ਤਾਲਿਬਾਨ ਕਈ ਵਾਰ ਦੁਹਰਾ ਚੁੱਕਾ ਹੈ ਕਿ ਉਹ ਆਪਣੇ ਪਿਛਲੇ ਕਾਰਜਕਾਲ ਵਾਂਗ ਲੋਕਾਂ ਨਾਲ ਸਖ਼ਤੀ ਨਹੀਂ ਵਰਤੇਗਾ। ਔਰਤਾਂ ਤੇ ਲੜਕੀਆਂ ਨੂੰ ਹੱਕ ਦਿੱਤੇ ਜਾਣਗੇ। ਤਾਲਿਬਾਨ ਨੇ ਅੱਜ ਕਿਹਾ ਕਿ ਮਜ਼ਾਰ-ਏ-ਸ਼ਰੀਫ਼ ਵਿਚ ਫਸੇ ਜਿਨ੍ਹਾਂ ਅਫ਼ਗਾਨ ਲੋਕਾਂ ਕੋਲ ਵੀਜ਼ਾ ਤੇ ਪਾਸਪੋਰਟ ਹੈ, ਤੇ ਉਹ ਚਾਰਟਰਡ ਉਡਾਣਾਂ ਦੀ ਉਡੀਕ ਕਰ ਰਹੇ ਹਨ, ਨੂੰ ਦੇਸ਼ ਛੱਡਣ ਦੀ ਇਜਾਜ਼ਤ ਦਿੱਤੀ ਜਾਵੇਗੀ।

## ਤਾਲਿਬਾਨ ਵਲੋਂ ਔਰਤਾਂ ਦੇ ਮੁਜ਼ਾਹਰੇ ਦੀ ਕਵਰੇਜ ਕਰਨ ਵਾਲੇ ਦੋ ਪੱਤਰਕਾਰਾਂ ਦਾ ਕੁਟਾਪਾ

ਕਾਬੁਲ-ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਤਾਲਿਬਾਨ ਦੇ ਦੋ ਪੱਤਰਕਾਰਾਂ ਨੂੰ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ। ਕਾਬੁਲ ਸਥਿਤ ਮੀਡੀਆ ਸੰਸਥਾ ਦੇ ਤਕੀ ਦਰਿਆਬੀ ਅਤੇ ਨੇਮਤ ਨਕਦ ਮੰਗਲਵਾਰ ਨੂੰ ਅਫ਼ਗਾਨਿਸਤਾਨ ਦੀ ਰਾਜਧਾਨੀ ਵਿੱਚ ਔਰਤਾਂ ਦੇ ਵਿਰੋਧ ਪ੍ਰਦਰਸ਼ਨਾਂ ਨੂੰ ਕਵਰ ਕਰ ਰਹੇ ਸਨ। ਇਸ ਦੌਰਾਨ ਤਾਲਿਬਾਨ ਨੇ ਦੋਵਾਂ ਨੂੰ ਚੁੱਕ ਲਿਆ ਤੇ ਉਨ੍ਹਾਂ 'ਤੇ ਤਸ਼ੱਦਦ ਢਾਹਿਆ।

# ਅਫਗਾਨ ਸ਼ਰਨਾਰਥੀਆਂ ਦਾ ਪਹਿਲਾ ਗਰੁੱਪ ਵੈਨਕੂਵਰ ਪੁੱਜਾ

ਵੈਨਕੂਵਰ-ਵੈਨਕੂਵਰ ਵਿਖੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਪੁੱਜੇ ਅਫਗਾਨ ਸ਼ਰਨਾਰਥੀ ਤੇ ਕਾਬੁਲ ਵਿਚ ਕੈਨੇਡੀਅਨ ਦੂਤਘਰ ਵਿਖੇ ਸਾਬਕਾ ਵਰਕਰ ਮੁਹੰਮਦ ਦਾ ਕਹਿਣਾ ਕਿ ਅਸੀਂ ਖੁਸ਼ਕਿਸਮਤ ਹਾਂ। ਉਸ ਨੇ ਪੋਸਟ ਮੀਡੀਆ ਨਿਊਜ਼ ਨਾਲ ਗੱਲਬਾਤ ਕਰਦਿਆਂ ਬਦਲਾ ਲਏ ਜਾਣ ਦੇ ਡਰ ਤੋਂ ਆਪਣੇ ਪਰਿਵਾਰ ਦਾ ਅਸਲ ਨਾਂ ਦੀ ਵਰਤੋਂ ਨਹੀਂ ਕੀਤੀ। ਮੁਹੰਮਦ ਦੀ ਰੈਜ਼ੀਡੈਂਸੀ ਦੀ ਬੇਨਤੀ 'ਤੇ ਕਾਰਵਾਈ ਕਰਨ ਵਿਚ ਦੋ ਦਿਨ ਲੱਗੇ ਪਰ ਉਸ ਵਰਗੇ ਕਈ ਅਫਗਾਨ ਸ਼ਰਨਾਰਥੀਆਂ ਨੂੰ ਰੈਜ਼ੀਡੈਂਸੀ ਲੈਣ ਲਈ ਕਾਫੀ ਲੰਬਾ ਸਮਾਂ ਲੱਗਾ ਹੈ। ਭਾਵੇਂ ਸ਼ਰਨਾਰਥੀਆਂ ਦਾ ਸੋਸ਼ਲ ਇੰਸ਼ੂਰੈਂਸ, ਟੀਕਾਕਰਣ ਤੇ ਬੈਂਕ ਖਾਤੇ ਖੋਲ੍ਹ ਦਿੱਤੇ ਗਏ ਹਨ ਪਰ ਉਨ੍ਹਾਂ ਵਿਚੋਂ ਬਹੁਤੇ ਅੰਗਰੇਜ਼ੀ ਨਹੀਂ ਬੋਲ ਸਕਦੇ। ਉਸ ਦੇ ਪਰਿਵਾਰ ਦਾ ਕੇਵਲ ਮੁਹੰਮਦ ਹੀ ਹੈ ਜਿਹੜਾ ਫਰਾਟੇਦਾਰ ਅੰਗਰੇਜ਼ੀ ਬੋਲ ਲੈਂਦਾ ਹੈ। ਇਹ ਪਹਿਲਾ ਗਰੁੱਪ ਹੈ ਅਤੇ ਅਗਲਾ ਗਰੁੱਪ ਇਸ ਹਫ਼ਤੇ ਟੋਰਾਂਟੋ ਪਹੁੰਚਣ ਦੀ ਆਸ ਹੈ। ਉਨ੍ਹਾਂ ਵਿਚੋਂ ਕੁਝ ਬੀਸੀ ਵਿਚ ਆ ਕੇ ਵਸਣਗੇ ਜਿਵੇਂ ਮੁਹੰਮਦ ਤੇ ਉਸ ਦੇ ਪੁੱਤਰ ਨੇ ਕੀਤਾ ਹੈ। ਇਸ ਮਹੀਨੇ ਹੋਰ ਸ਼ਰਨਾਰਥੀਆਂ ਦੇ ਆਉਣ ਦੀ ਆਸ ਹੈ। ਜਦੋਂ ਦਾ ਫੈਡਰਲ ਸਰਕਾਰ ਨੇ 2024 ਤਕ ਤਾਲਿਬਾਨ ਸ਼ਾਸਨ ਕਾਰਨ ਭੱਜੇ 20000 ਅਫਗਾਨੀਆਂ ਨੂੰ ਮੁੜ ਵਸਾਉਣ ਦਾ ਵਾਅਦਾ ਕੀਤਾ ਹੈ ਇਮੀਗਰਾਂਟ ਸਰਵਿਸਿਜ਼ ਦਰਜਨਾਂ ਹੋਰ ਘਰਾਂ ਦੀ ਤਿਆਰੀ ਲਈ ਦਿਨ ਰਾਤ ਕੰਮ ਕਰ ਰਹੀਆਂ ਹਨ। ਮੁਹੰਮਦ 8 ਅਗਸਤ ਨੂੰ ਕਾਬੁਲ ਹਵਾਈ ਅੱਡੇ ਤੋਂ ਤੁਰਕਸ਼ ਏਅਰਲਾਈਨ ਦੀ ਪਹਿਲੀ ਉਡਾਨ ਰਾਹੀਂ ਆਪਣੀ ਪਤਨੀ, ਪੁੱਤਰ ਤੇ ਦੋ ਹੋਰ ਬੱਚਿਆਂ ਨਾਲ ਆਇਆ ਸੀ। 7 ਦਿਨ ਪਿੱਛੋਂ ਰਾਜਧਾਨੀ ਸ਼ਹਿਰ 'ਤੇ ਤਾਲਿਬਾਨ ਨੇ ਕਬਜ਼ਾ ਕਰ ਲਿਆ ਸੀ।



UNI GLOBAL IMMIGRATION
CONSULTING SERVICES LTD.
*Your Dream......Our Passion*

**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

WE HAVE MOVED TO BIGGER & BETTER LOCATION
#208-7110-120TH ST, SURREY


Amandeep Singh
Justin Thind

ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM









# ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਵੱਲੋਂ ਕਿਸਾਨਾਂ ਨੂੰ ਚੋਣਾਂ ਲੜਨ ਦਾ ਸੱਦਾ

[ਸਫ਼ਾ 3 ਦੀ ਬਾਕੀ]

ਪਰਮਜੀਤ ਸਿੰਘ ਬਿੱਲੂ ਸਿੱਧੂ ਅਤੇ ਬੋਹੜ ਸਿੰਘ ਜਟਾਣਾ ਦੀ ਅਗਵਾਈ ਹੇਠ ਹੋਏ ਕਿਸਾਨਾਂ ਦੇ ਇਕੱਠ ਨੂੰ ਵਰਚੁਅਲੀ ਸੰਬੋਧਨ ਕਰ ਰਹੇ ਸਨ। ਸ੍ਰੀ ਚੜੂਨੀ ਨੇ ਕਿਹਾ ਕਿ ਕਿਸਾਨ ਆਪਣੇ ਪੰਚਾਇਤੀ ਉਮੀਦਵਾਰ ਚੁਣਨ। ਕਿਸਾਨਾਂ ਦੀ ਸੱਤਾ 'ਚ ਭਾਈਵਾਲੀ ਹੋਵੇਗੀ ਤਾਂ ਲੋਕ ਮਾਰੂ ਕਾਨੂੰਨ ਨਹੀਂ ਬਣਨਗੇ। ਪੰਜਾਬ ਵਿੱਚ ਕਿਸਾਨਾਂ ਦੀਆਂ ਕਰੀਬ 90 ਲੱਖ ਵੋਟਾਂ ਹਨ। ਖੇਤ ਮਜ਼ਦੂਰ ਤੇ ਕਿਸਾਨ ਹਿਤੈਸ਼ੀ ਦੁਕਾਨਦਾਰਾਂ ਦੀ ਗਿਣਤੀ ਵੀ ਕਾਫੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ 59 ਲੱਖ ਵੋਟਾਂ ਨਾਲ ਬਣੀ ਹੈ ਜਦੋਂ ਕਿ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਤੇ ਕਿਸਾਨ ਹਿਤੈਸ਼ੀਆਂ ਦੀ ਵੋਟ ਡੇਢ ਕਰੋੜ ਬਣਦੀ ਹੈ। ਇਸ ਲਈ ਕਿਸਾਨਾਂ ਨੂੰ ਚੋਣਾਂ ਲੜ ਕੇ ਆਪਣੀ ਸਰਕਾਰ ਬਣਾਉਣੀ ਚਾਹੀਦੀ ਹੈ। ਚੜੂਨੀ ਨੇ ਦੋਸ਼ ਲਾਇਆ ਕਿ ਮਾੜੀਆਂ ਨੀਤੀਆਂ ਕਾਰਨ ਦੇਸ਼ ਦੀ ਜੀਡੀਪੀ ਵਿੱਚ ਖੇਤੀ ਦਾ ਹਿੱਸਾ 60 ਫੀਸਦ ਤੋਂ ਡਿੱਗ ਕੇ ਸਿਰਫ 10 ਫੀਸਦੀ ਰਹਿ ਗਿਆ ਹੈ। ਉਨ੍ਹਾਂ ਜਲਦੀ ਹੀ ਸਾਰੇ ਪੰਜਾਬ ਵਿੱਚ 'ਮਿਸ਼ਨ ਪੰਜਾਬ' ਸ਼ੁਰੂ ਕਰਨ ਦਾ ਐਲਾਨ ਕੀਤਾ। ਜਿਕਰਯੋਗ ਹੈ ਕਿ ਕਰਨਾਲ ਅੰਦੋਲਨ ਕਾਰਨ ਚੜੂਨੀ ਮੁਕਤਸਰ ਨਹੀਂ ਪੁੱਜ ਸਕੇ, ਜਿਸ ਕਰਕੇ ਉਨ੍ਹਾਂ ਮੋਬਾਈਲ ਰਾਹੀਂ ਕਿਸਾਨਾਂ ਨੂੰ ਸੰਬੋਧਨ ਕੀਤਾ।

# ਗੁਰਦਾਸ ਮਾਨ ਦੀ ਪੇਸ਼ਗੀ ਜ਼ਮਾਨਤ ਦੀ ਅਰਜੀ ਰੱਦ

[ਸਫ਼ਾ 3 ਦੀ ਬਾਕੀ]

ਰੁਖ਼ ਕਰਨਾ ਪਵੇਗਾ। ਜ਼ਿਲ੍ਹਾ ਅਦਾਲਤ ਵਿੱਚ ਅੱਜ ਕੇਸ ਦੀ ਸੁਣਵਾਈ ਦੌਰਾਨ ਅਦਾਲਤੀ ਕੰਪਲੈਕਸ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸਿੱਖ ਸੰਗਠਨਾਂ ਦੇ ਵਕੀਲ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਅਦਾਲਤ ਨੇ ਗੁਰਦਾਸ ਮਾਨ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਵਕੀਲਾਂ ਨੇ ਇਹ ਦਲੀਲਾਂ ਦਿੱਤੀਆਂ ਸਨ ਕਿ ਜੇਕਰ ਗੁਰਦਾਸ ਮਾਨ ਨੂੰ ਜ਼ਮਾਨਤ ਦਿੱਤੀ ਤਾਂ ਇਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਣ ਦਾ ਡਰ ਹੈ। ਜਦਕਿ ਬਚਾਅ ਪੱਖ ਦੇ ਵਕੀਲਾਂ ਨੇ ਕਿਹਾ ਸੀ ਕਿ ਅਣਜਾਣੇ ਵਿੱਚ ਕਹੀ ਗੱਲ ਦੀ ਗੁਰਦਾਸ ਮਾਨ ਨੇ ਮੁਆਫ਼ੀ ਵੀ ਮੰਗ ਲਈ ਹੈ ਤਾਂ ਫਿਰ ਏਨਾ ਵਿਵਾਦ ਕਿਉਂ ਖੜ੍ਹਾ ਕੀਤਾ ਜਾ ਰਿਹਾ ਹੈ। ਉਧਰ ਸ਼ਿਕਾਇਤਕਰਤਾ ਸੁਰਜੀਤ ਸਿੰਘ ਨੇ ਕਿਹਾ ਕਿ ਹਾਈ ਕੋਰਟ ਵਿੱਚ ਜਾਣ 'ਤੇ ਵੀ ਗੁਰਦਾਸ ਮਾਨ ਦਾ ਉਥੇ ਡਟ ਕੇ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਪੁਲੀਸ ਤੋਂ ਮੰਗ ਕੀਤੀ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਮਾਮਲੇ ਵਿੱਚ ਗੁਰਦਾਸ ਮਾਨ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਜ਼ਿਕਰਯੋਗ ਹੈ ਕਿ 20 ਅਗਸਤ ਨੂੰ ਇੱਕ ਸਮਾਗਮ ਦੌਰਾਨ ਡੇਰਾ ਬਾਬਾ ਮੁਰਾਦ ਸ਼ਾਹ ਟਰੱਸਟ ਦੇ ਚੇਅਰਮੈਨ ਗੁਰਦਾਸ ਮਾਨ ਨੇ ਸਾਈਂ ਲਾਡੀ ਸ਼ਾਹ ਦੀ ਤੁਲਨਾ ਗੁਰੂ ਅਮਰਦਾਸ ਨਾਲ ਕੀਤੀ ਸੀ।

# ਮੁੱਖ ਮੰਤਰੀ ਨੇ ਉਲੰਪੀਅਨ ਖਿਡਾਰੀਆਂ ਨੂੰ ਦਿੱਤੀ ਦਾਅਵਤ-ਹੱਥੀ ਖਾਣਾ ਪਰੋਸਿਆ

[ਸਫ਼ਾ 3 ਦੀ ਬਾਕੀ]

ਮੁੱਖ ਮੰਤਰੀ ਵੱਲੋਂ ਸੂਬੇ ਦੇ ਓਲੰਪੀਅਨਾਂ ਅਤੇ ਨੇਜ਼ਾ ਸੁਟਾਵੇ ਨੀਰਜ ਚੋਪੜਾ ਨਾਲ ਵਾਅਦਾ ਕੀਤਾ ਸੀ ਜਿਸ ਨੂੰ ਅੱਜ ਦਾਅਵਤ ਦੇ ਕੇ ਸਾਕਾਰ ਕੀਤਾ ਗਿਆ। ਮੁੱਖ ਮੰਤਰੀ ਦੇ ਫਾਰਮ ਹਾਊਸ ਦਾ ਲਾਅਨ 'ਚ ਸਭ ਖ਼ੁਸ਼ੀ 'ਚ ਖੀਵੇ ਸਨ। ਹਾਕੀ ਦੇ ਕਪਤਾਨ ਮਨਪ੍ਰੀਤ ਸਿੰਘ (ਡੀ.ਐਸ.ਪੀ. ਪੰਜਾਬ ਪੁਲਿਸ) ਨੇ ਟਿੱਪਣੀ ਕੀਤੀ ਕਿ 'ਮਹਾਰਾਜੇ ਦਾ ਖਾਣਾ ਉਮੀਦਾਂ ਤੋਂ ਕਿਤੇ ਵੱਧ ਸੁਆਦਲਾ ਸੀ।' ਡਿਸਕਸ ਥਰੋਅਰ ਕਮਲਪ੍ਰੀਤ ਨੇ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਖਾਣੇ ਬਣਾਉਣ ਅਤੇ ਪ੍ਰਾਹੁਣਚਾਰੀ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਨੀਰਜ ਚੋਪੜਾ ਨੇ ਕਿਹਾ, ਇਹ ਸ਼ਾਨਦਾਰ ਭੋਜਨ ਸੀ। ਮੁੱਖ ਮੰਤਰੀ ਨੇ ਇਸ ਮੌਕੇ ਦੱਸਿਆ ਕਿ ਉਨ੍ਹਾਂ ਨੇ ਸਵੇਰੇ 11 ਵਜੇ ਖਾਣਾ ਤਿਆਰ ਕਰਨਾ ਸ਼ੁਰੂ ਕੀਤਾ ਸੀ ਅਤੇ ਜ਼ਿਆਦਾਤਰ ਕੰਮ ਸ਼ਾਮ 5 ਵਜੇ ਦੇ ਕਰੀਬ ਨਿਪਟ ਗਿਆ ਸੀ। ਉਸ ਤੋਂ ਬਾਅਦ ਅੰਤਿਮ ਛੋਹਾਂ ਦੇਣ ਦਾ ਸਮਾਂ ਸੀ। ਉਨ੍ਹਾਂ ਦੀ ਇਹ ਕੋਸ਼ਿਸ਼ ਖਿਡਾਰੀਆਂ ਦੇ ਮੁਕਾਬਲੇ ਕੁਝ ਵੀ ਨਹੀਂ। ਉਨ੍ਹਾਂ ਹਰ ਮਹਿਮਾਨ ਦਾ ਪਹਿਲਾਂ ਸਵਾਗਤ ਕੀਤਾ। ਮੁੱਖ ਮੰਤਰੀ ਨੇ ਮਗਰੋਂ ਸਿੱਧਾ ਪਤੀਲਿਆਂ ਚੋਂ ਹਰ ਖਿਡਾਰੀ ਦੀ ਪਸੰਦ ਮੁਤਾਬਿਕ ਖਾਣਾ ਪਰੋਸਿਆ। ਉਨ੍ਹਾਂ ਭੋਜਨ ਬਾਰੇ ਆਪਣੇ ਗਿਆਨ ਅਤੇ ਖਾਣਾ ਪਕਾਉਣ ਦੇ ਤਜਰਬੇ ਵੀ ਸਾਂਝੇ ਕੀਤੇ। ਅਮਰਿੰਦਰ ਦੇ ਸ਼ਾਹੀ ਖਾਣੇ 'ਚ ਹਰ ਵੰਨਗੀ ਦਾ ਖਾਣਾ ਸੀ ਜਿਸ ਵਿਚ ਮਟਨ ਪਿਸ਼ੌਰੀ, ਲੌਂਗ ਇਲਾਇਚੀ ਚਿਕਨ, ਆਲੂ ਕੋਰਮਾ, ਦਾਲ ਮਸਰੀ, ਮੁਰਗ ਕੋਰਮਾ, ਦੁਰਾਨੀ ਬਰਿਆਨੀ ਅਤੇ ਜ਼ਰਦਾ ਚਾਵਲ (ਮਿੱਠੀ ਡਿਸ਼) ਸ਼ਾਮਲ ਹਨ। ਸ਼ਾਮ ਦੇ ਇਸ ਪ੍ਰੋਗਰਾਮ ਦੌਰਾਨ ਵਿਸ਼ੇਸ਼ ਮਹਿਮਾਨਾਂ ਵਿੱਚ ਜੈਵਲਿਨ ਥ੍ਰੋਅਰ ਗੋਲਡ ਮੈਡਲਿਸਟ ਨੀਰਜ ਚੋਪੜਾ ਤੋਂ ਇਲਾਵਾ ਓਲੰਪਿਕ ਕਾਂਸੀ ਤਮਗਾ ਜੇਤੂ ਹਾਕੀ ਖਿਡਾਰੀ ਮਨਪ੍ਰੀਤ ਸਿੰਘ (ਕਪਤਾਨ), ਹਰਮਨਪ੍ਰੀਤ ਸਿੰਘ (ਉਪ ਕਪਤਾਨ), ਮਨਦੀਪ ਸਿੰਘ, ਹਾਰਦਿਕ ਸਿੰਘ, ਰੁਪਿੰਦਰਪਾਲ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ, ਵਰੁਣ ਕੁਮਾਰ ਅਤੇ ਸਿਮਰਨਜੀਤ ਸਿੰਘ ਸ਼ਾਮਲ ਸਨ।

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty
"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com







# ਉੱਘੇ ਕੰਟਰੈਕਟਰ ਸਨੀ ਸੰਧਰ ਦੀ ਬੇਟੀ ਰਮਨਦੀਪ ਕੌਰ ਸੰਧਰ ਦਾ ਸ਼ੁੱਭ ਵਿਆਹ



ਸਰੀ-ਸਰੀ ਦੇ ਉੱਘੇ ਕੰਟਰੈਕਟਰ ਸਨੀ ਸੰਧਰ ਦੀ ਹੋਣਹਾਰ ਸਪੁੱਤਰੀ ਰਮਨਦੀਪ ਕੌਰ ਸੰਧਰ ਦਾ ਸ਼ੁੱਭ ਵਿਆਹ ਬੀਤੇ ਦਿਨੀਂ ਸਰੀ ਦੇ ਹੀ ਪ੍ਰਸਿੱਧ ਤੂਰ ਪਰਿਵਾਰ ਦੇ ਹੋਣਹਾਰ ਸਪੁੱਤਰ ਗਗਨਦੀਪ ਸਿੰਘ ਤੂਰ ਨਾਲ ਹੋਇਆ। ਇਨ੍ਹਾਂ ਖ਼ੁਸ਼ੀ ਦੇ ਪਲਾਂ ਵਿਚ ਸ਼ਾਮਲ ਹੋ ਕੇ ਸੰਧਰ ਪਰਿਵਾਰ ਦੇ ਰਿਸ਼ਤੇਦਾਰਾਂ, ਮਿੱਤਰਾਂ ਅਤੇ ਸਿਨੇਹੀਆਂ ਨੇ ਨਵ-ਵਿਆਹੀ ਜੋੜੀ ਨੂੰ ਆਪਣਾ ਅਸ਼ੀਰਵਾਦ ਦਿੱਤਾ ਅਤੇ ਸੰਧਰ ਪਰਿਵਾਰ ਨੂੰ ਮੁਬਾਰਕਾਂ ਦਿੱਤੀਆਂ।

## ਕੰਜ਼ਰਵੇਟਿਵ ਉਮੀਦਵਾਰ ਦੇਵ ਹੇਅਰ ਦੀ ਚੋਣ ਮੁਹਿੰਮ ਨੇ ਜ਼ੋਰ ਫੜਿਆ




ਸਰੀ, (ਹਰਦਮ ਮਾਨ)-ਸਰੀ-ਫਲੀਟਵੁੱਡ-ਕੈਲਸ ਤੋ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਦੇਵ ਹੇਅਰ ਦੀ ਚੋਣ ਮੁਹਿੰਮ ਸਰਗਰਮੀ ਫੜ ਰਹੀ ਹੈ। ਐਡਮਿੰਟਨ (ਅਲਬਰਟਾ) ਤੋਂ ਸਾਬਕਾ ਐੱਮ ਐੱਲ ਏ ਪੀਟਰ ਸੰਧੂ ਤੇ ਕੈਲਗਰੀ ਤੋਂ ਜੰਗ ਬਹਾਦਰ ਸਿੰਘ ਸਿੱਧੂ, ਦੇਵ ਹੇਅਰ ਦੇ ਹੱਕ ਵਿਚ ਚੋਣ ਪ੍ਰਚਾਰ ਲਈ ਵਿਸ਼ੇਸ਼ ਤੌਰ ਤੇ ਪੁੱਜੇ ਹਨ। ਉਹਨਾਂ ਵੱਲੋਂ ਹਲਕੇ ਵਿਚ ਵਸਦੇ ਆਪਣੇ ਦੋਸਤਾਂ- ਮਿੱਤਰਾਂ, ਰਿਸ਼ਤੇਦਾਰਾਂ ਅਤੇ ਕੰਜ਼ਰਵੇਟਿਵ ਪਾਰਟੀ ਸਮਰਥਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਦੌਰਾਨ ਪੀਟਰ ਸੰਧੂ ਦਾ ਕਹਿਣਾ ਹੈ ਕਿ ਕੋਵਿਡ ਮਹਾਂਮਾਰੀ ਦੌਰਾਨ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਲੋਕਾਂ ਨੂੰ ਚੋਣਾਂ ਵਿਚ ਧੱਕ ਦੇਣਾ ਬਹੁਤ ਵੱਡਾ ਧੋਖਾ ਹੈ। ਅਸਲ ਵਿਚ ਚੋਧਰ ਦੀ ਭੁੱਖ ਸਦਕਾ ਟਰੂਡੋ ਵੱਲੋਂ ਕੋਵਿਡ ਦੌਰਾਨ ਲੋਕਾਂ ਦੀ ਕੀਤੀ ਗਈ ਆਰਥਿਕ ਸਹਾਇਤਾ ਦਾ ਲਾਹਾ ਲੈਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਇਹ ਸਾਫ ਸਪੱਸ਼ਟ ਮੌਕਾਪ੍ਰਸਤੀ ਹੈ। ਚੰਗੀ ਗੱਲ ਇਹ ਹੈ ਕਿ ਲੋਕ ਟਰੂਡੋ ਦੀ ਇਸ ਮੌਕਪ੍ਰਸਤੀ ਨੂੰ ਲੋਕ ਸਮਝ ਗਏ ਹਨ ਜਿਸ ਦਾ ਸਬੂਤ ਹੈ ਕਿ ਤਾਜ਼ਾ ਚੋਣ ਸਰਵੇਖਣਾ ਵਿਚ ਟਰੂਡੋ ਦੀ ਲੋਕਪ੍ਰਿਯਤਾ ਵਿਚ ਵੱਡੀ ਗਿਰਾਵਟ ਆਈ ਹੈ। ਉਹਨਾਂ ਕਿਹਾ ਕਿ ਅਗਲੀ ਸਰਕਾਰ ਐਰਿਨ ?ਟੂਲ ਦੀ ਅਗਵਾਈ ਹੇਠ ਕੰਸਰਵੇਟਿਵ ਦੀ ਅਗਵਾਈ ਹੇਠ ਬਣੇਗੀ ਜੋ ਕੈਨੇਡੀਅਨ ਆਰਥਿਕਤਾ ਲਈ ਠੋਸ ਨੀਤੀਆਂ ਲੈ ਕੇ ਆਵੇਗੀ। ਜੰਗ ਬਹਾਦਰ ਸਿੰਘ ਸਿੱਧੂ ਨੇ ਕਿਹਾ ਕਿ ਦੇਵ ਹੇਅਰ ਪਹਿਲਾਂ ਵੀ ਤਿੰਨ ਵਾਰ (2001, 2005, 2009) ਵਿਚ ਐਮ ਐਲ ਏ। ਰਹਿ ਚੁੱਕੇ ਹਨ। ਉਹ ਲੰਬੇ ਸਮੇਂ ਤੋਂ ਕਮਿਊਨਿਟੀ ਆਰਗੇਨਾਈਜ਼ਰ ਹਨ ਅਤੇ 2005 ਤੋਂ 2011 ਤੱਕ ਬਹੁ-ਸਭਿਆਚਾਰ ਅਤੇ ਇਮੀਗ੍ਰੇਸ਼ਨ ਲਈ ਸੰਸਦੀ ਸਕੱਤਰ ਵੀ ਰਹੇ ਹਨ। ਇਸ ਵਾਰ ਵੀ ਵੱਡੀ ਜਿੱਤ ਹਾਸਲ ਕਰਕੇ ਉਹ ਇਸ ਹਲਕੇ ਤੋਂ ਲੋਕਾਂ ਦੀ ਆਵਾਜ਼ ਬਣਨਗੇ।

## ਕੈਮੀਕਲ ਪਲਾਂਟ ਵਿਚ ਧਮਾਕਾ-ਇਕ ਮੌਤ

ਟੋਰਾਂਟੋ-ਟੋਰਾਂਟੋ ਦੇ ਪੂਰਬ ਵਿਚ ਇਕ ਰਸਾਇਣਕ ਪਲਾਂਟ ਵਿਚ ਧਮਾਕਾ ਹੋਇਆ ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੂੰ ਈਸਟ ਯੌਰਕ ਵਿਚ ਡੌਨ ਮਿਲਸ ਰੋਡ ਤੇ ਐਗਲਿੰਟਨ ਐਵੀਨਿਊ ਈਸਟ ਨੇੜੇ 225 ਵਿਕਸਟੀਡ ਐਵੀਨਿਊ ਇਲਾਕੇ ਵਿਚ ਸਿਲਟੈਕ ਰਸਾਇਣਕ ਪਲਾਂਟ ਵਿਚ ਧਮਾਕੇ ਬਾਰੇ ਸਵੇਰੇ 10 ਵਜੇ ਰਿਪੋਰਟ ਮਿਲੀ। ਟੋਰਾਂਟੋ ਫਾਇਰ ਦੇ ਚੀਫ ਜਿਮ ਜੇਸਮ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਕ ਵਿਅਕਤੀ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ ਤੇ ਦੂਸਰੇ ਨੂੰ ਗੰਭੀਰ ਹਾਲਤ ਵਿਚ ਸਨੀਬਰੁੱਕ ਹਸਪਤਾਲ ਦਾਖਲ ਕਰਵਾਇਆ ਗਿਆ। ਕਈ ਹੋਰ ਮਰੀਜ਼ਾਂ ਦੀ ਚਮੜੀ ਰਸਾਇਣਾਂ ਨਾਲ ਸੜ ਗਈ ਜਿਨ੍ਹਾਂ ਦੀ ਮੌਜੂਦਾ ਸਮੇਂ ਜਾਂਚ ਕੀਤੀ ਜਾ ਰਹੀ ਹੈ। ਧਮਾਕੇ ਦੀ ਜਾਂਚ ਦਾ ਕੰਮ ਇਕ ਇੰਸਪੈਕਟਰ ਨੂੰ ਸੌਂਪਿਆ ਗਿਆ ਹੈ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 11 ਸਤੰਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.



#105-7928 128th St., Surrey, BC, V3W 4E8
info@amrikcheema.com

## ਲੱਖਾਂ ਡਾਲਰ ਜਮ੍ਹਾਂ ਰਾਸ਼ੀ ਨੂੰ ਲੈ ਕੇ ਦੁਰਵਿਹਾਰ ਲਈ ਰੀਅਲ ਅਸਟੇਟ ਵਕੀਲ ਮੁਅੱਤਲ



ਵੈਨਕੂਵਰ-ਬੀਸੀ ਦਾ ਵਕੀਲ ਜਿਹੜੀ ਪੇਸ਼ੇਵਰ ਦੁਰਵਿਵਹਾਰ ਕਰਦੀ ਪਾਈ ਗਈ ਨੂੰ ਤਿੰਨ ਮਹੀਨਿਆਂ ਲਈ ਬੁੱਧਵਾਰ ਤੋਂ ਮੁਅੱਤਲ ਰੱਖਿਆ ਜਾਵੇਗਾ। ਜੁਲਾਈ ਦੇ ਅਖੀਰ ਵਿਚ ਲਏ ਫ਼ੈਸਲੇ ਦੇ ਸਬੰਧ ਵਿਚ ਫਲੋਰੇਂਸ ਏਸਥਰ ਲੂਈ ਯੇਨ ਮੁਅੱਤਲ ਕੀਤਾ ਗਿਆ ਹੈ। ਲਾਅ ਸੁਸਾਇਟੀ ਟ੍ਰਿਬਿਊਨਲ ਨੇ ਪਾਇਆ ਕਿ ਯੇਨ ਜਿਹੜੀ ਵੈਨਕੂਵਰ ਵਿਚ ਕੰਮ ਕਰਦੀ ਹੈ ਨੇ ਉਸ ਸਮੇਂ ਪੇਸ਼ੇਵਰ ਦੁਰਵਿਵਹਾਰ ਕੀਤਾ ਜਦੋਂ ਉਸ ਨੇ ਆਪਣੀ ਕੰਪਨੀ ਦੇ ਟੱਰਸਟ ਖਾਤੇ ਨੂੰ ਲੱਖਾਂ ਡਾਲਰ ਜਮ੍ਹਾਂ ਕਰਨ ਦੀ ਇਜਾਜ਼ਤ ਦਿੱਤੀ। ਸੁਣਵਾਈ ਮੁਤਾਬਿਕ ਇਹ ਰਕਮ 12.6 ਮਿਲੀਅਨ ਡਾਲਰ ਅਤੇ 1.27 ਮਿਲੀਅਨ ਡਾਲਰ ਸੀ। ਇਹ ਪੈਸੇ ਇਕ ਸਾਇਲ ਦੀ ਤਰਫੋਂ ਡਿਜੀਟਲ ਤਰੀਕੇ ਨਾਲ 2015 ਤੇ 2017 ਵਿਚ ਟਰਾਂਸਫਰ ਕੀਤੇ ਗਏ ਸਨ।

# ਪੁਲਿਸ ਵਲੋਂ ਲੰਡਨ 'ਚ ਟਰੂਡੋ ਦੇ ਚੋਣ ਪ੍ਰਚਾਰ ਸਮਾਗਮ ਦੌਰਾਨ ਪੱਥਰ ਸੁੱਟਣ ਦੀ ਜਾਂਚ

ਓਟਵਾ-ਟੋਰਾਂਟੋ ਦੇ ਨੇੜੇ ਪੈਂਦੇ ਸ਼ਹਿਰ ਲੰਡਨ ਦੀ ਪੁਲਿਸ ਕੁਝ ਲੋਕਾਂ ਵਲੋਂ ਚੋਣ ਪ੍ਰਚਾਰ ਸਮਾਗਮ ਦੌਰਾਨ ਲਿਬਰਲ ਨੇਤਾ ਜਸਟਿਨ ਟਰੂਡੋ 'ਤੇ ਪੱਥਰ ਸੁੱਟਣ ਦੀ ਜਾਂਚ ਕਰ ਰਹੀ ਹੈ। ਓਨਟਾਰੀਓ ਦੇ ਦੱਖਣੀ ਪੱਛਮੀ ਸ਼ਹਿਰ ਵਿਚ ਪੁਲਿਸ ਸਰਵਿਸ ਦੇ ਇਕ ਬੁਲਾਰੇ ਨੇ ਦੱਸਿਆ ਕਿ ਉਹ ਘਟਨਾ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਲਈ ਕਹਿ ਰਹੇ ਹਨ। ਟਰੂਡੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਛੋਟਾ ਪੱਥਰ (ਬਜਰੀ) ਲੱਗੀ ਹੈ ਪਰ ਉਸ ਨਾਲ ਕੋਈ ਜ਼ਖ਼ਮ ਨਹੀਂ ਹੋਇਆ ਅਤੇ ਉਨ੍ਹਾਂ ਨੇ ਇਹ ਪਤਾ ਲਗਾਉਣ ਲਈ ਪੁਲਿਸ 'ਤੇ ਗੱਲ ਛੱਡ ਦਿੱਤੀ ਹੈ ਕਿ ਘਟਨਾ ਦੇ ਸਿੱਟੇ ਵਜੋਂ ਕੀ ਵਾਪਰਿਆ ਹੈ। ਪੱਥਰ ਕੇਵਲ ਟਰੂਡੋ ਦੇ ਹੀ ਨਹੀਂ ਲੱਗਾ ਸਗੋਂ ਉਨ੍ਹਾਂ ਦੀ ਆਰਸੀਐਮਪੀ ਪ੍ਰੋਟੈਕਟਿਵ ਡਿਟੇਲ ਦੇ ਕੁਝ ਮੈਂਬਰਾਂ ਅਤੇ ਚੋਣ ਪ੍ਰਚਾਰ ਨੂੰ ਕਵਰ ਕਰ ਰਹੇ ਪੱਤਰਕਾਰਾਂ ਦੇ ਵੀ ਲੱਗੇ। ਮਾਂਟਰੀਅਲ ਵਿਚ ਟਰੂਡੋ ਨੇ ਇਕ ਸਮਾਗਮ ਦੌਰਾਨ ਕਿਹਾ ਕਿ ਉਹ ਸਪਸ਼ਟ ਰੂਪ ਵਿਚ ਦੱਸਣਾ ਚਾਹੁੰਦੇ ਹਨ ਕਿ ਇਹ ਗੱਲ ਸਵੀਕਾਰ ਨਹੀਂ ਕੀਤੀ ਜਾ ਸਕਦੀ ਕਿ ਲੋਕ ਰਾਜਸੀ ਰੈਲੀ ਵਿਚ ਦੂਸਰਿਆਂ 'ਤੇ ਚੀਜ਼ਾਂ ਸੁੱਟਣ ਤੇ ਉਨ੍ਹਾਂ ਨੂੰ ਖ਼ਤਰੇ ਵਿਚ



ਪਾਉਣ। ਉਧਰ ਆਰਸੀਐਮਪੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਦੀ ਪ੍ਰੋਟੈਕਟਿਵ ਸਰਵਸਿਜ਼ ਡਿਟੇਲ ਨੂੰ ਨੇਤਾਵਾਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਅਤੇ ਭੀੜ 'ਤੇ ਕੰਟਰੋਲ ਕਰਨ ਦੀ ਜ਼ਿੰਮੇਵਾਰੀ ਸਥਾਨਕ ਪੁਲਿਸ ਦੀ ਸੀ। ਲੰਡਨ ਪੁਲਿਸ ਸਰਵਿਸ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਦੇ ਤਾਜ਼ਾ ਵੇਰਵੇ ਢੁਕਵੇਂ ਸਮੇਂ 'ਤੇ ਮੁਹੱਈਆ ਕੀਤੇ ਜਾਣਗੇ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**#308 5419 201A ST**




**$499,888**

Welcome to Vista Gardens, a well-maintained building located in a central location of langley with walking distance to Linwood Park and Downtown Langley. This top-floor unit is one of the best layouts in the building with two generous size bedrooms and two bathrooms. There is storage inside your own laundry room and two separate storage lockers, one beside the unit and one underground. One Secure parking underground and tons of parking out in front of the building. The building has a new roof, the levy has been paid for the cladding work that will happen in the next year. The strata fee includes a gas fireplace and Hot water. Call now to book your private showing.

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**1426 KENT**



**$1,599,000**

Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

**9858 HUCKLEBERRY DRIVE**



Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

**MAIN OFFICE: 505-777 W. BROADWAY, VANCOUVER**
**SURREY OFFICE: 7164, 120 ST, SURREY *(BY APPOINTMENT PLEASE)***
**Email: cedric_hughes@hughesco.com**

***AND** Service provided at Business Centres throughout the Fraser Valley and British Columbia.*
***Remote Location? No Problem. We will come to you !***


Liberal
Vote for the local candidate that has always delivered for our community.
ਓਸ ਸਥਾਨਕ ਊਮੀਦਵਾਰ ਨੂੰ ਵੋਟ ਦਿਓ ਜੋ ਹਮੇਸ਼ਾ ਸਾਡੇ ਭਾਈਚਾਰੇ ਲਈ ਕੰਮ ਕਰਦਾ ਹੈ, ਹਰਜੀਤ ਸਿੰਘ ਸੱਜਣ ਨੂੰ ਵੋਟ ਦਿਓ।
VOTE ON ADVANCE POLLS:
SEPTEMBER 10, 11, 12 & 13 : 9 AM TO 9 PM
ਅਗਾਹੂ ਵੋਟਾਂ ਦੀਆਂ ਤਾਰੀਖਾਂ :
ਸਤੰਬਰ 10, 11, 12 ਅਤੇ 13 : ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ
RE-ELECT
Harjit
Sajjan
VANCOUVER SOUTH
604-301-3088
www.harjitsajjan.ca
team@harjitsajjan.ca
6591 Victoria Drive
Authorized by the official agent for Harjit Sajjan

# ਕੈਨੇਡਾ ਵਿਚ ਦਿਨੋ ਦਿਨ ਔਖੀ ਹੁੰਦੀ ਜਾ ਰਹੀ ਹੈ ਪੁਲਿਸ ਦੀ ਨੌਕਰੀ

## ਸੱਤ ਮਹੀਨਿਆਂ ਦੌਰਾਨ ਬੀ. ਸੀ. ਵਿਚ ਪੁਲਿਸ ਦੇ 108 ਅਫਸਰ ਹੋਏ ਫੱਟੜ

ਸਰੀ (ਹਰਦਮ ਮਾਨ)-ਕੈਨੇਡਾ ਵਿਚ ਪੁਲਿਸ ਅਫਸਰਾਂ ਦੀਆਂ ਦਿਨ ਬਦਿਨ ਵਧ ਰਹੀਆਂ ਹਨ ਅਤੇ ਕਈ ਪੁਲਿਸ ਅਫਸਰ ਮਹਿਸੂਸ ਕਰ ਰਹੇ ਹਨ ਕਿ ਪੁਲਿਸ ਦੀ ਨੌਕਰੀ ਹੁਣ ਔਖੀ ਹੁੰਦੀ ਜਾ ਰਹੀ ਹੈ। ਇਨ੍ਹਾਂ ਮੁਸ਼ਕਿਲਾਂ ਦਾ ਸਭ ਤੋਂ ਵੱਡਾ ਕਾਰਨ ਇਹ ਬਣਦਾ ਜਾ ਰਿਹਾ ਹੈ ਕਿ ਜਦ ਕਿਸੇ ਵਾਰਦਾਤ ਸਮੇਂ ਪੁਲਿਸ ਨੂੰ ਬੁਲਾਇਆ ਜਾਂਦਾ ਹੈ ਅਤੇ ਪੁਲਿਸ ਅਫਸਰ ਘਟਨਾ ਸਥਾਨ ਤੇ ਪਹੁੰਚ ਕੇ ਕਥਿਤ ਦੋਸ਼ੀ ਨੂੰ ਕਾਬੂ ਕਰਨਾ ਚਾਹੁੰਦੇ ਹਨ ਤਾਂ ਕਈ ਘਟਨਾਵਾਂ ਵਿਚ ਅਜਿਹੇ ਲੋਕ ਉਲਟਾ ਪੁਲਿਸ ਉਪਰ ਵਾਰ ਕਰ ਜਾਂਦੇ ਹਨ। ਇਸ ਤਰ੍ਹਾਂ ਪੁਲਿਸ ਅਫਸਰ ਜ਼ਖ਼ਮੀ ਹੋ ਜਾਂਦੇ ਹਨ। ਅੰਕੜਿਆਂ ਅਨੁਸਾਰ ਸਾਲ 2021 ਦੇ ਪਹਿਲੇ ਸੱਤ ਮਹੀਨਿਆਂ ਦੌਰਾਨ ਬੀ ਸੀ। ਵਿਚ ਪੁਲਿਸ ਦੇ 108 ਅਫਸਰ ਜ਼ਖ਼ਮੀ ਹੋ ਚੁੱਕੇ ਹਨ। ਤਾਜ਼ਾ ਹਾਲਾਤ ਵੀ ਦੱਸਦੇ ਹਨ ਕਿ ਸੋਮਵਾਰ (ਲੇਬਰ ਡੇ ਲੌਂਗ ਵੀਕਐਂਡ) ਦੌਰਾਨ ਇਕੱਲੇ ਵੈਨਕੂਵਰ ਸ਼ਹਿਰ ਵਿਚ ਹੀ ਕਈ ਘਟਨਾਵਾਂ ਹੋਈਆਂ ਜਿਨ੍ਹਾਂ ਵਿਚ 11 ਪੁਲਿਸ ਅਫ਼ਸਰ ਜ਼ਖ਼ਮੀ ਹੋ ਗਏ ਹਨ। ਵੈਨਕੂਵਰ ਦੇ ਪੁਲਿਸ ਸਾਰਜੈਂਟ ਸਟੀਵ ਐਡੀਸਨ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ ਕਿ ਹੁਣ ਪੁਲਿਸ ਦੀ ਨੌਕਰੀ ਔਖੀ ਹੋ ਗਈ ਹੈ ਅਤੇ ਹਰ ਰੋਜ਼ ਪੁਲਿਸ ਦੇ ਫਰੰਟ ਲਾਈਨ ਅਫ਼ਸਰ ਆਪਣੇ ਆਪ ਨੂੰ ਖਤਰੇ ਵਿਚ ਪਾ ਕੇ ਲੋਕਾਂ ਦੀ ਮਦਦ ਲਈ ਅੱਗੇ ਆਉਂਦੇ ਹਨ। ਉਨ੍ਹਾਂ ਤਾਜ਼ਾ ਘਟਨਾਵਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸੋਮਵਾਰ ਨੂੰ ਵੈਨਕੂਵਰ ਵਿਚ ਇਕ ਆਦਮੀ ਤੋਂ ਚਾਕੂ ਦੀ ਨੋਕ ਤੇ ਬਾਈਕ ਖੋਹ ਲਿਆ ਗਿਆ। ਸੂਚਨਾ ਮਿਲਣ ਪੁਲਿਸ ਉਥੇ ਪਹੁੰਚੀ ਅਤੇ ਬਾਈਕ ਖੋਹਣ ਵਾਲੀ ਔਰਤ ਨੂੰ ਨਾਈਟ ਸਟ੍ਰੀਟ ਅਤੇ ਈਸਟ 54 ਐਵੀਨਿਊ ਕੋਲ ਗ੍ਰਿਫਤਾਰ ਕਰ ਲਿਆ ਪਰ ਉਸ ਸ਼ੱਕੀ ਔਰਤ ਨੇ ਪੁਲਿਸ ਅਫ਼ਸਰ ਦੇ ਮੂੰਹ ਅਤੇ ਸਿਰ 'ਤੇ ਥੁੱਕ ਦਿੱਤਾ। ਪੁਲਿਸ ਅਫ਼ਸਰ ਨੂੰ ਇਨਫੈਕਸ਼ਨ ਦੇ ਸ਼ੱਕ ਤਹਿਤ ਹਸਪਤਾਲ ਪਹੁੰਚਾਇਆ ਗਿਆ। ਏਸੇ ਦਿਨ ਹੀ ਪੁਲਿਸ ਅਫ਼ਸਰਾਂ ਨੇ ਡੰਡਾਸ ਸਟ੍ਰੀਟ ਦੇ ਕੋਲ ਇੱਕ ਅਪਾਰਟਮੈਂਟ ਦੀ ਇੱਕ ਔਰਤ ਵੱਲੋਂ ਸ਼ਿਕਾਇਤ ਮਿਲੀ ਕਿ ਉਸ ਦੇ ਸਾਬਕਾ ਬੁਆਏਫਰੈਂਡ ਨੇ ਉਸ ਦੀ ਖਿੜਕੀ ਵਿਚ ਪੱਥਰ ਸੁੱਟੇ ਹਨ ਅਤੇ ਡਰਾ ਧਮਕਾ ਰਿਹਾ ਹੈ। ਪੁਲਿਸ ਦੇ ਉਥੇ ਪੁੱਜਣ ਤੋਂ ਪਹਿਲਾਂ ਉਹ ਸ਼ੱਕੀ ਆਦਮੀ ਝਾੜੀਆਂ 'ਚ ਲੁਕ ਗਿਆ ਸੀ। ਪੁਲਿਸ ਅਫ਼ਸਰਾਂ ਨੇ ਉਸ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਿਆ ਕਿ ਸ਼ੱਕੀ ਕੋਲ ਚਾਕੂ ਹੈ। ਇਸ ਦੌਰਾਨ ਉਸ ਦੇ ਭਰਾ ਨੇ ਇੱਕ ਪੁਲਿਸ ਅਫ਼ਸਰ 'ਤੇ ਹਮਲਾ ਕਰ ਦਿੱਤਾ। ਪੁਲਿਸ ਅਫ਼ਸਰ ਨੂੰ ਸੱਟਾਂ ਲੱਗੀਆਂ ਅਤੇ ਬਾਅਦ ਵਿਚ ਸ਼ੱਕੀ ਆਦਮੀ ਨੂੰ ਜੇਲ੍ਹ ਭੇਜਿਆ ਗਿਆ। ਬੀਤੇ ਐਤਵਾਰ ਨੂੰ ਹੀ ਪੁਲਿਸ ਨੂੰ ਕਿਟਸੀਲਾਨੋ ਦੇ ਇੱਕ ਗਰੋਸਰੀ ਸਟੋਰ ਵਿਚ ਇਕ ਆਦਮੀ ਵੱਲੋਂ ਹਿੰਸਾ ਕਰਨ ਦੀ ਸੂਚਨਾ ਮਿਲੀ। ਪੁਲਿਸ ਮੌਕੇ ਤੇ ਪਹੁੰਚੀ ਪਰ ਹਿੰਸਕ ਆਦਮੀ ਕਾਬੂ ਕਰਨ ਸਮੇਂ ਉਸ ਨੇ ਪੁਲਿਸ ਦੇ ਤਿੰਨ ਅਫ਼ਸਰਾਂ ਨਾਲ ਧੱਕਾਮੁੱਕੀ ਕੀਤੀ ਜਿਸ ਦੌਰਾਨ ਇੱਕ ਅਫ਼ਸਰ ਨੂੰ ਟੱਕ ਲੱਗੇ ਅਤੇ ਕੁਝ ਝਰੀਟਾਂ ਆਈਆਂ ਅਤੇ ਇੱਕ ਅਫ਼ਸਰ ਦੇ ਗੁੱਟ 'ਤੇ ਸੱਟ ਲੱਗੀ। ਇਸੇ ਤਰ੍ਹਾਂ ਈਸਟ ਵੈਨਕੂਵਰ ਵਿਚ ਪੌਵੈਲ ਸਟ੍ਰੀਟ ਕੋਲ ਦੋ ਅਫ਼ਸਰਾਂ ਨੇ ਇੱਕ ਸ਼ੱਕੀ ਆਦਮੀ ਨੂੰ ਵੇਖਿਆ ਜਿਸ ਦੇ ਇੱਕ ਹਿੰਸਕ ਜੁਰਮ ਦੇ ਸਬੰਧ ਵਿਚ ਵਾਰੰਟ ਜਾਰੀ ਹੋਏ ਸਨ। ਪੁਲਿਸ ਨੂੰ ਵੇਖ ਕੇ ਉਸ ਨੇ ਦੌੜਨਾ ਸ਼ੁਰੂ ਕਰ ਦਿੱਤਾ ਅਤੇ ਛੇਤੀ ਹੀ ਪੁਲਿਸ ਨੇ ਉਸ ਨੂੰ ਕਾਬੂ ਕਰ ਲਿਆ ਪਰ ਇਸ ਦੌਰਾਨ ਪੁਲਿਸ ਅਫ਼ਸਰਾਂ ਨੂੰ ਕੁਝ ਸੱਟਾਂ ਲੱਗੀਆਂ ਅਤੇ ਇੱਕ ਪੁਲਿਸ ਅਫ਼ਸਰ ਨੂੰ ਹਸਪਤਾਲ ਵਿਚ ਜਾ ਕੇ ਟਾਂਕੇ ਵੀ ਲਵਾਉਣੇ ਪਏ।




## ਗੈਰਜ਼ਰੂਰੀ ਵਿਜ਼ਟਰਸ ਨੂੰ ਬੀਸੀ ਵਿਚ ਆਉਣ ਦੀ ਇਜਾਜ਼ਤ ਦੇ ਰਹੇ ਹਨ ਨਵੇਂ ਯਾਤਰਾ ਨਿਯਮ

ਵਿਕਟੋਰੀਆ-ਸੈਰਸਪਾਟੇ ਵਜੋਂ ਗੈਰਜ਼ਰੂਰੀ ਟਰੈਵਲ ਲਈ ਬੀਸੀ ਅੰਤਰਰਾਸ਼ਟਰੀ ਯਾਤਰੀਆਂ ਦਾ ਸੂਬੇ ਵਿਚ ਆਉਣ ਦਾ ਸਵਾਗਤ ਕਰ ਰਿਹਾ ਹੈ। ਨਵੇਂ ਫੈਡਰਲ ਨਿਯਮ ਮੰਗਲਵਾਰ ਅੱਧੀ ਰਾਤ 12.01 ਵਜੇ ਲਾਗੂ ਹੋ ਗਏ ਹਨ ਜਿਸ ਦਾ ਮਤਲਬ ਵਿਦੇਸ਼ੀ ਨਾਗਰਿਕ ਜਿਹੜੇ ਸ਼ਰਤਾਂ ਪੂਰੀਆਂ ਕਰਦੇ ਹਨ ਨੂੰ ਪਹੁੰਚਣ ਪਿੱਛੋਂ 14 ਦਿਨ ਲਈ ਕੁਆਰਨਟੀਨ ਹੋਣ ਦੀ ਲੋੜ ਨਹੀਂ। ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਟੀਮ ਨੇ ਕਿਹਾ ਕਿ ਉਹ ਮਹੀਨਿਆਂ ਤੋਂ ਇਸ ਕਦਮ ਦੀ ਯੋਜਨਾ ਬਣਾ ਰਹੇ ਹਨ ਅਤੇ ਇਹ ਯਕੀਨੀ ਬਣਾ ਰਹੇ ਹਨ ਕਿ ਯਾਤਰੀਆਂ ਦਾ ਸਵਾਗਤ ਕਰਨ ਲਈ ਸਾਰਾ ਸਿਸਟਮ ਲਾਗੂ ਹੋ ਜਾਵੇ। ਪੈਸੰਜਰ ਕੇਅਰ ਦੇ ਉਪ ਪ੍ਰਧਾਨ ਗੇਵਿਨ ਮੈਕਵਿਕਰ ਨੇ ਕਿਹਾ ਕਿ ਮੁਕੰਮਲ ਟੀਕਾਕਰਣ ਵਾਲੇ ਯਾਤਰੀਆਂ ਨੂੰ ਉਨ੍ਹਾਂ ਦੀ ਵੈਕਸੀਨ ਤੇ ਟੈਸਟ ਸਬੰਧੀ ਜਾਣਕਾਰੀ ਅਰਾਈਵਕੈਨ ਐਪ ਵਿਚ ਦਰਜ ਕਰਨ ਦੀ ਲੋੜ ਹੈ ਜਿਸ ਨੂੰ ਪਹੁੰਚਣ 'ਤੇ ਬਾਰਡਰ ਏਜੰਟ ਚੈੱਕ ਕਰਦਾ ਹੈ। ਮੈਕਵਿਕਰ ਨੇ ਕਿਹਾ ਕਿ ਅਜੇ ਵੀ ਕਿਸੇ ਵੀ ਯਾਤਰੀ ਦਾ ਕੋਵਿਡ-19 ਟੈਸਟ ਕੀਤਾ ਜਾ ਸਕਦਾ ਹੈ।

SHER TALIB NOTARY PUBLIC
ਨੋਟਰੀ ਪਬਲਿਕ

NOTARIZATIONS
• Affidavits
• Invitation Letters
• Travel Consent Letters
• Statutory Declarations
• Sales & Purchase
• Family Transfer
• Refinancing
• Business Assets Sale Purchase
• Easements, Restrictive Covenants
• Wills & Estate Planning
• Power of Attorney

BC Notaries
A TRUSTED TRADITION

ਨੋਟਰੀ ਪਬਲਿਕ
• ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
• ਇਕਰਾਰਨਾਮਾ ਅਤੇ ਹੋਰ ਨੋਟਰੀ ਸੇਵਾਵਾਂ
• ਵਸੀਅਤਨਾਮਾ
• ਪਾਵਰ ਆਫ ਅਟੌਰਨੀ
• ਮੋਰਟਗੇਜ ਦੀ ਡਾਕੂਮੈਂਟੇਸ਼ਨ
• ਨੋਟਰੀਜ਼ੇਸ਼ਨ
• ਐਫੀਡੇਵਿਟ

Services offered in Punjabi, Hindi & English

Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com





# ਲਿਬਰਲ ਤੇ ਕੰਸਰਵੇਟਿਵ ਵਿਚਾਲੇ ਕਾਂਟੇ ਦੀ ਟੱਕਰ

[ਸਫ਼ਾ 3 ਦੀ ਬਾਕੀ]

ਕਿਉਂਕਿ ਉਹ ਇੰਡੀਪੈਂਡੇਂਟ ਲੀਡਰਸ ਡਿਬੇਟ ਕਮਿਸ਼ਨ ਵਲੋਂ ਸਥਾਪਤ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ।

### ਲਿਬਰਲ

ਨੈਨੋਸ ਨੇ ਕਿਹਾ ਕਿ ਟਰੂਡੋ ਜਿਨ੍ਹਾਂ ਨੇ ਇਸ ਆਸ ਨਾਲ



ਗਰਮੀਆਂ ਵਿਚ ਚੋਣਾਂ ਕਰਵਾਉਣ ਦਾ ਸੱਦਾ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਸਪਸ਼ਟ ਬਹੁਮਤ ਨਾਲ ਸਰਕਾਰ ਬਣਾਉਣ ਲਈ ਹੋਰ ਸੀਟਾਂ ਹਾਸਲ ਕਰ ਲਵੇਗੀ ਵਲੋਂ ਬਹਿਸ ਦੌਰਾਨ ਆਪਣੇ ਸਭ ਤੋਂ ਨੇੜਲੇ ਵਿਰੋਧੀ ਓਟੂਲ 'ਤੇ ਕੇਂਦਰਿਤ ਰਹਿਣ ਦੀ ਆਸ ਹੈ। ਨੈਨੋਸ ਨੇ ਸੀਟੀਵੀ ਦੇ ਟਰੈਂਡ ਲਾਨੀਨ ਪੋਡਕਾਸਟ ਦੇ ਬੁੱਧਵਾਰ ਐਡੀਸ਼ਨ ਵਿਚ ਕਿਹਾ ਕਿ ਉਹ ਆਸ ਕਰਦੇ ਹਨ ਕਿ ਟਰੂਡੋ ਸੰਭਵ ਹੈ ਕਿ ਐਰਿਨ ਓਟੂਲ 'ਤੇ ਆਪਣੀ ਨਜ਼ਰ ਰੱਖਣਗੇ ਕਿਉਂਕਿ ਚੋਣ ਪ੍ਰਚਾਰ ਦੌਰਾਨ ਐਰਿਨ ਓਟੂਲ ਦਾ ਅਕਸ ਸੁਧਰਿਆ ਹੈ। ਨੈਨੋਸ ਨੇ ਕਿਹਾ ਕਿ ਟਰੂਡੋ ਓਟੂਲ ਨੂੰ ਬੰਦੂਕ ਕੰਟਰੋਲ ਬਾਰੇ ਉਨ੍ਹਾਂ ਦੀ ਪਾਰਟੀ ਵਲੋਂ ਸਟੈਂਡ ਬਦਲਣ 'ਤੇ ਸਵਾਲ ਕਰ ਸਕਦੇ ਹਨ। ਕੰਸਰਵੇਟਿਵਸ ਨੇ ਵੀਕਐਂਡ ਵਿਚ ਆਪਣੇ ਪਲੇਟਫਾਰਮ ਵਿਚ ਸੋਧ ਕਰਦੇ ਹੋਏ ਕਿਹਾ ਕਿ ਉਹ ਕੁਝ ਅਗਨੀ ਸ਼ਾਸਤਰਾਂ 'ਤੇ 2020 ਦੀ ਪਾਬੰਦੀ ਨੂੰ ਰੱਦ ਨਹੀਂ ਕਰਨਗੇ ਜਦਕਿ ਪਹਿਲਾਂ ਪਹਿਲ ਰੱਦ ਕਰਨ ਦੀ ਗੱਲ ਕਹੀ ਸੀ। ਟਰੂਡੋ ਬਹਿਸ ਦੌਰਾਨ ਬਲੈਨਚੇਟ ਨੂੰ ਵੀ ਨਿਸ਼ਾਨੇ 'ਤੇ ਲੈ ਸਕਦੇ ਹਾਂ ਕਿਉਂਕਿ ਲਿਬਰਲਸ ਲਈ ਕਿਊਬਕ ਲੜਾਈ ਦਾ ਅਹਿਮ ਮੈਦਾਨ ਹੈ। ਟੋਰਾਂਟੋ ਯੂਨੀਵਰਸਿਟੀ ਵਿਖੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਪੌਲਾਈਨ ਬੀਏਂਜ ਨੇ ਕਿਹਾ ਕਿ ਟਰੂਡੋ ਦੇ ਲਿਬਰਲਸ ਕਿਊਬਕ ਵਿਚ ਵੱਧ ਤੋਂ ਵੱਧ ਸੀਟਾਂ ਕੋਲ ਰੱਖਣੀਆਂ ਚਾਹੁੰਦੇ ਹਨ ਜਿੰਨੀਆਂ ਉਹ ਰੱਖ ਸਕਦੇ ਹਨ ਜਦਕਿ ਟੋਰਾਂਟੋ ਅਤੇ ਓਨਟਾਰੀਓ ਵਿਚ ਇਲਾਕੇ ਵਿਚ ਐਨਡੀਪੀ ਤੇ ਕੰਸਰਵੇਟਿਵਸ ਤੋਂ ਕੁਝ ਸੀਟਾਂ ਖੋਹਣੀਆਂ ਚਾਹੁੰਦੇ ਹਨ। ਬੀਏਂਜ ਮੁਤਾਬਿਕ ਟਰੂਡੋ ਲਈ ਇਸ ਚੋਣ ਪ੍ਰਚਾਰ ਵਿਚ ਸਭ ਤੋਂ ਮੁਸ਼ਕਿਲ ਗੱਲ ਇਹ ਹੈ ਕਿ ਉਹ ਮੌਜੂਦਾ ਸਮੇਂ ਸੱਤਾ ਵਿਚ ਹਨ। ਉਹ ਬਹੁਤ ਸਾਰੇ ਕੈਨੇਡੀਅਨ ਵੋਟਰਾਂ ਦਾ ਭਰੋਸਾ ਗੁਆ ਚੁੱਕੇ ਹਨ ਜਿਨ੍ਹਾਂ ਨੇ 2015 ਵਿਚ ਨਵੇਂ ਚਿਹਰੇ ਵਜੋਂ ਉਨ੍ਹਾਂ ਨੂੰ ਵੋਟ ਦਿੱਤੀ ਸੀ। ਬੀਏਂਜ ਨੇ ਆਗਾ ਖਾਨ ਮਾਮਲੇ ਤੇ ਐਸਐਨਸੀ-ਲਾਵਾਲਿਨ ਘੁਟਾਲੇ ਸਮੇਤ ਟਰੂਡੋ ਦੀਆਂ ਨੈਤਿਕ ਉਲੰਘਣਾ ਵੱਲ ਵੀ ਇਸ਼ਾਰਾ ਕੀਤਾ ਹੈ।



### ਕੰਸਰਵੇਟਿਵ

ਨੈਨੋਸ ਨੇ ਕਿਹਾ ਕਿ ਜਿਥੋਂ ਤਕ ਕੰਸਰਵੇਟਿਵਸ ਦੀ ਗੱਲ ਹੈ, ਉਸ ਵਿਚ ਐਰਿਨ ਓਟੂਲ ਵਲੋਂ ਬਹਿਸਾਂ ਦੌਰਾਨ ਆਪਣੇ ਆਪ ਨੂੰ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨਾ ਮਹੱਤਵਪੂਰਣ ਗੱਲ ਹੈ। ਉਨ੍ਹਾਂ ਦਾ ਖਿਆਲ ਹੈ ਕਿ ਬਹਿਸ ਦੌਰਾਨ ਟਰੂਡੋ ਤੇ ਬਲੈਨਚੇਟ ਉਨ੍ਹਾਂ ਦਾ ਮੁੱਖ ਨਿਸ਼ਾਨਾ ਹੋਣਗੇ। ਬੀਏਂਜ ਦਾ ਕਹਿਣਾ ਕਿ ਬਹਿਸ ਤੋਂ ਇਲਾਵਾ ਓਟੂਲ ਨੂੰ ਸਥਾਨਕ ਪੱਧਰ 'ਤੇ ਮਜ਼ਬੂਤ ਚੋਣ ਪ੍ਰਚਾਰ ਕਰਨ ਦੀ ਲੋੜ ਹੈ। ਕੰਸਰਵੇਟਿਵ ਨੂੰ ਸੱਜੇ ਪੱਖੀ ਸਮਰਥਕਾਂ ਨੂੰ ਪੀਪਲਜ਼ ਪਾਰਟੀ ਆਫ ਕੈਨੇਡਾ ਨੂੰ ਗੁਆਉਣ ਤੋਂ ਚੌਕਸ ਰਹਿਣਾ ਚਾਹੀਦਾ ਹੈ। ਆਖਰਕਾਰ ਨੈਨੋਸ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਬਹਿਸਾਂ ਦੌਰਾਨ ਸਿੰਘ ਟਰੂਡੋ ਤੇ ਓਟੂਲ ਨੂੰ ਨਿਸ਼ਾਨਾ ਬਣਾਉਣਗੇ। ਉਨ੍ਹਾਂ ਕਿਹਾ ਕਿ ਉਹ ਓਟੂਲ ਦੇ ਕੈਨੇਡਾ ਲਈ ਦ੍ਰਿਸ਼ਟੀਕੋਣ ਅਤੇ ਸਿੰਘ ਦੇ ਕੈਨੇਡਾ ਲਈ ਦ੍ਰਿਸ਼ਟੀਕੋਣ ਦੀ ਤੁਲਨਾ ਕਰਨ ਲਈ ਓਟੂਲ ਨੂੰ ਨਿਸ਼ਾਨਾ ਬਣਾਉਣ ਜਾ ਰਹੇ ਹਨ। ਉਨ੍ਹਾਂ ਵਲੋਂ ਤੇਜ਼ੀ ਨਾਲ ਕੰਮ ਨਾ ਕਰਨ ਅਤੇ ਆਪਣੇ ਵਾਅਦੇ ਪੂਰੇ ਨਾ ਕਰਨ ਬਦਲੇ ਜਸਟਿਨ ਟਰੂਡੋ ਤੇ ਲਿਬਰਲਸ ਨੂੰ ਨਿਸ਼ਾਨਾ ਬਣਾਉਣ ਦੀ ਵੀ ਆਸ ਹੈ।


www.KaliaFinancial.com

Kalia Insurance and Financial Services

Sudesh K. Kalia 604.728.6740 KFinancial@shaw.ca

Individual & Business Life Disability, Critical & Long Care Term Insurance




ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616



# ਕੌਫੀ ਟੇਬਲ ਬੁੱਕ 'ਰਾਮਗੜ੍ਹੀਆ ਵਿਰਾਸਤ' ਇੰਗਲੈਂਡ ਵਿਚ ਹੋਈ ਲੋਕ ਅਰਪਣ

ਸਰੀ (ਹਰਦਮ ਮਾਨ)-ਕੈਨੇਡਾ ਅਤੇ ਭਾਰਤ ਵਿਚ ਵੱਖ ਵੱਖ ਥਾਵਾਂ ਤੇ ਕੀਤੇ ਗਏ ਸਮਾਗਮਾਂ ਤੋਂ ਬਾਅਦ ਪੰਜਾਬੀ ਦੀ ਪਹਿਲੀ ਕੌਫੀ ਟੇਬਲ ਬੁੱਕ "ਰਾਮਗੜ੍ਹੀਆ ਵਿਰਾਸਤ" ਇੰਗਲੈਂਡ ਵਿਚ ਰਾਮਗੜ੍ਹੀਆ ਕੌਂਸਲ ਯੂ ਕੇ। ਵੱਲੋਂ ਲੋਕ ਅਰਪਣ ਕੀਤੀ ਗਈ। ਗੁਰੂ ਨਾਨਕ ਸਿੱਖ ਟੈਂਪਲ (ਰਾਮਗੜ੍ਹੀਆ ਐਸੋਸੀਏਸ਼ਨ) ਗਲਾਸਗੋ, ਸਕਾਟਲੈਂਡ ਵਿਖੇ ਇਸ ਪੁਸਤਕ ਨੂੰ ਲੋਕ ਅਰਪਣ ਕਰਨ ਦੀ ਰਸਮ ਲਛਮਣ ਸਿੰਘ ਭੰਬਰਾ, ਰਾਜਿੰਦਰ ਸਿੰਘ ਸੀਹਰਾ, ਰਣਵੀਰ ਸਿੰਘ ਵਿਰਦੀ, ਨਰਿੰਦਰਜੀਤ ਸਿੰਘ ਉੱਭੀ ਅਤੇ ਕੌਂਸਲ ਦੇ ਮੈਂਬਰਾਂ ਨੇ ਅਦਾ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿਚ ਪਤਵੰਤੇ ਹਾਜਰ ਸਨ। ਇਹ ਸਮਾਗਮ ਰਾਮਗੜ੍ਹੀਆ ਕੌਂਸਲ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ "ਮਿਸਲ ਡੇ" ਅਤੇ ਰਾਮਗੜ੍ਹੀਆ ਐਸੋਸੀਏਸ਼ਨ ਗਲਾਸਗੋ ਦੀ 40 ਵੀਂ ਵਰ੍ਹੇਗੰਢ ਨੂੰ ਸਮੱਰਪਿਤ ਕੀਤਾ ਗਿਆ। ਕੌਂਸਲ ਦੇ ਮੈਂਬਰਾਂ ਨੇ ਇਸ ਪੁਸਤਕ ਨੂੰ ਇਤਿਹਾਸਕ ਦਸਤਾਵੇਜ਼ ਦਸਦਿਆਂ ਸ। ਜੈਤੇਗ ਸਿੰਘ ਅਨੰਤ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦਾ ਧੰਨਵਾਦ ਕੀਤਾ। ਦੱਸਣਯੋਗ ਹੈ ਕਿ ਇਹ ਸਚਿੱਤਰ ਵੱਡ-ਆਕਾਰੀ ਪੁਸਤਕ ਸਰੀ (ਕੈਨੇਡਾ) ਵਿਚ ਰਹਿ ਰਹੇ ਪੰਜਾਬੀ ਦੇ ਪ੍ਰਸਿੱਧ ਲੇਖਕ, ਵਿਦਵਾਨ ਅਤੇ ਚਿੰਤਕ ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਿਤ ਕੀਤੀ ਗਈ ਹੈ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਸਹਿਯੋਗ ਨਾਲ ਪ੍ਰਕਾਸ਼ਿਤ ਕੀਤੀ ਗਈ ਹੈ। ਕੈਨੇਡਾ ਵਿਖੇ ਇਹ ਪੁਸਤਕ ਪ੍ਰਾਪਤ ਕਰਨ ਲਈ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨਾਲ ਫੋਨ ਨੰਬਰ 778-836-2543 'ਤੇ ਸੰਪਰਕ ਕੀਤਾ ਜਾ ਸਕਦਾ ਹੈ।


JOSAN REBAR & DAMPPROOFING LTD.
- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE

7 ਸਾਲ ਤੋਂ ਵੱਧ ਤਜਰਬਾ



- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com



HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਬੀ.ਸੀ. ਵਿੱਚ ਕੋਵਿਡ-19




13 ਸਤੰਬਰ ਤੋਂ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਬਹੁਤ ਸਾਰੇ ਸਮਾਗਮਾਂ ਅਤੇ ਕਾਰੋਬਾਰਾਂ ਤੱਕ ਪਹੁੰਚ ਕਰਨ ਲਈ ਟੀਕਾਕਰਣ ਦਾ ਸਬੂਤ ਦਿਖਾਉਣਾ ਲਾਜ਼ਮੀ ਹੋਵੇਗਾ। ਸਭ ਤੋਂ ਸੌਖਾ ਤਰੀਕਾ ਬੀ ਸੀ ਵੈਕਸੀਨ ਕਾਰਡ ਦਿਖਾਉਣਾ ਹੈ।
ਕੀ ਤੁਸੀਂ ਆਪਣੀ ਪਹਿਲੀ ਜਾਂ ਦੂਜੀ ਖੁਰਾਕ ਦਾ ਟੀਕਾ ਲਗਵਾ ਲਿਆ ਹੈ?
ਅੱਜ ਹੀ ਆਪਣਾ ਇਲੈਕਟਰੌਨਿਕ ਜਾਂ ਪੇਪਰ ਬੀ ਸੀ ਵੈਕਸੀਨ ਕਾਰਡ ਪ੍ਰਾਪਤ ਕਰੋ।

1

gov.bc.ca/vaccinecard 'ਤੇ ਜਾਓ।
ਆਪਣਾ ਪਰਸਨਲ ਹੈਲਥ ਨੰਬਰ, ਜਨਮ ਮਿਤੀ ਅਤੇ ਟੀਕਾਕਰਣ ਦੀ ਮਿਤੀ ਦਰਜ ਕਰੋ।

2

ਆਪਣਾ ਬੀ ਸੀ ਵੈਕਸੀਨ ਕਾਰਡ ਪ੍ਰਾਪਤ ਕਰੋ।
ਇਸਨੂੰ ਆਪਣੇ ਮੋਬਾਈਲ 'ਤੇ ਸੇਵ ਕਰੋ ਜਾਂ ਪ੍ਰਿੰਟ ਕਰੋ।

3

ਆਪਣਾ ਬੀ ਸੀ ਵੈਕਸੀਨ ਕਾਰਡ ਤਿਆਰ ਰੱਖੋ।
ID ਨਾਲ ਦਿਖਾਓ।

ਹੋਰ ਮਦਦ ਦੀ ਲੋੜ ਹੈ? ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਆਪਣਾ ਕਾਰਡ ਪ੍ਰਿੰਟ ਕਰਨ ਲਈ ਕਹੋ ਜਾਂ ਆਪਣਾ ਕਾਰਡ ਡਾਕ ਰਾਂਹੀ ਮੰਗਵਾਉਣ ਲਈ 1-833-838-2323 'ਤੇ ਫੋਨ ਕਰੋ।

BRITISH COLUMBIA



# ਗੁਰਚਰਨ ਸਿੰਘ ਖੱਖ ਵੱਲੋਂ ਸੁਖ ਧਾਲੀਵਾਲ ਦਾ ਸਮੱਰਥਨ

ਸਰੀ, (ਹਰਦਮ ਮਾਨ)- ਜਥੇਦਾਰ ਗੁਰਚਰਨ ਸਿੰਘ ਖੱਖ ਨੇ ਸੁਖ ਧਾਲੀਵਾਲ ਦੀ ਚੋਣ ਮੁਹਿੰਮ ਵਿਚ ਸ਼ਾਮਿਲ ਹੁੰਦਿਆਂ ਸੁਖ ਧਾਲੀਵਾਲ ਸਰੀ ਨਿਊਟਨ ਹਲਕੇ ਦੇ ਹਰਮਨ ਪਿਆਰੇ ਅਤੇ ਮਿਲਣਸਾਰ ਆਗੂ ਹਨ। ਉਹ ਹਲਕੇ ਦੇ ਸਰਬਪੱਖੀ ਵਿਕਾਸ ਤੇ ਬੇਹਤਰੀ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਲੋਕਾਂ ਦੇ ਹਰ ਦੁੱਖ ਸੁੱਖ ਵਿਚ ਸ਼ਾਮਿਲ ਹੁੰਦੇ ਹਨ। ਉਨ੍ਹਾਂ ਦੀ ਆਮ ਲੋਕਾਂ ਪ੍ਰਤੀ ਪਹੁੰਚ ਸਦਕਾ ਹੀ ਸਰੀ-ਨਿਊਟਨ ਦੇ ਲੋਕ ਪਿਛਲੇ ਲੰਮੇਂ ਸਮੇਂ ਤੋਂ ਉਨ੍ਹਾਂ ਦੀ ਅਗਵਾਈ ਵਿਚ ਭਰੋਸਾ ਪ੍ਰਗਟਾਉਂਦੇ ਆ ਰਹੇ ਹਨ ਅਤੇ ਇਹਨਾਂ ਚੋਣਾਂ ਵਿਚ ਵੀ ਭਰਵਾਂ ਸਮਰਥਨ ਦੇ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਗੁਰਿੰਦਰ ਸਿੰਘ ਕਾਹਲੋਂ, ਬਿੱਲਾ ਗਿੱਲ, ਵਰਿੰਦਰ ਸਿੰਘ ਸਹੋਤਾ, ਪਰਮਜੀਤ ਸਿੰਘ ਲੌਂਗੀਆ, ਅਮਰੀਕ ਸਿੰਘ ਬਾਸੀ ਤੇ ਹੋਰ ਕਈ ਸਹਿਯੋਗੀ ਮੌਜੂਦ ਸਨ।




# ਮਿਸ਼ਨ ਤੋਂ ਲਿਬਰਲ ਉਮੀਦਵਾਰ ਗੀਤ ਗਰੇਵਾਲ ਦੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ





ਸਰੀ (ਹਰਦਮ ਮਾਨ)-ਐਬਟਸਫੋਰਡ-ਮਿਸ਼ਨ-ਮੈਸਕੀ-ਫਰੇਜ਼ਰ ਕੇਨੀਅਨ ਹਲਕੇ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਗੀਤ ਗਰੇਵਾਲ ਦੇ ਸਮੱਰਥਕਾਂ ਵੱਲੋਂ ਰਿਜਵਿਊ ਪਾਰਕ ਐਬਟਸਫੋਰਡ ਵਿਚ ਭਰਵੀਂ ਮੀਟਿੰਗ ਕੀਤੀ ਗਈ ਜਿਸ ਵਿਚ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਹਮਾਇਤੀ ਸ਼ਾਮਲ ਹੋਏ। ਇਸ ਮੀਟਿੰਗ ਕੈਨੇਡਾ ਦੇ ਰੱਖਿਆ ਮੰਤਰੀ ਤੇ ਵੈਨਕੂਵਰ ਸਾਊਥ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਸੱਜਣ ਅਤੇ ਫੈਡਰਲ ਲਿਬਰਲ ਪਾਰਟੀ ਦੇ ਪ੍ਰਧਾਨ ਸੁਜੈਨ ਕੋਵਨ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਬੋਲਦਿਆਂ ਸੁਜੈਨ ਕੋਵਨ ਨੇ ਕਿਹਾ ਕਿ ਉਹ ਅੱਜ ਦਾ ਇਕੱਠ ਵੇਖ ਕੇ ਬੜੀ ਖੁਸ਼ੀ ਹੋ ਰਹੀ ਹੈ ਕਿ ਅਸੀਂ ਚੰਗੇਰੇ ਭਵਿੱਖ ਲਈ ਨੌਜਵਾਨਾਂ ਅਤੇ ਔਰਤਾਂ ਦੀ ਰਾਜਨੀਤੀ ਵਿਚ ਸ਼ਮੂਲੀਅਤ ਨੂੰ ਉਤਸ਼ਾਹਿਤ ਕਰ ਰਹੇ ਹਾਂ। ਹਰਜੀਤ ਸਿੰਘ ਸੱਜਣ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਕੈਨੇਡੀਅਨ ਪਾਰਲੀਮੈਂਟ ਵਿਚ ਔਰਤਾਂ ਦੀ ਆਵਾਜ਼ ਬੁਲੰਦ ਕਰਨ ਲਈ ਗੀਤ ਗਰੇਵਾਲ ਜਿਹੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣਾ ਸਮੇਂ ਦੀ ਮੰਗ ਹੈ ਅਤੇ ਮੈਨੂੰ ਯਕੀਨ ਹੈ ਕਿ ਗੀਤ ਗਰੇਵਾਲ ਦੇ ਸਮੱਰਥਕ ਰਿਕਾਰਡ ਕਾਇਮ ਕਰਨਗੇ ਅਤੇ ਜਸਟਿਨ ਟਰੂਡੋ ਦੇ ਹੱਥ ਮਜ਼ਬੂਤ ਕਰਨਗੇ। ਉਨ੍ਹਾਂ ਕੈਨੇਡਾ ਵਿਚ ਪਰਵਾਸੀਆਂ ਦੀ ਘਾਲਣਾ ਅਤੇ ਰਾਜਨੀਤਕ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ।



# ਲੈਂਗਲੀ ਵਿਚ ਦੁਰਘਟਨਾ ਸਰੀ ਦੇ 38 ਸਾਲਾ ਮੋਟਰਸਾਈਕਲ ਸਵਾਰ ਦੀ ਮੌਤ

ਸਰੀ-ਲੈਂਗਲੀ ਦੇ ਨੇਬਰਹੁੱਡ ਵਿਲੋਬੀ ਇਲਾਕੇ ਵਿਚ ਮੰਗਲਵਾਰ ਰਾਤ ਨੂੰ ਸੜਕ ਦੁਰਘਟਨਾ ਵਿਚ ਸਰੀ ਦੇ 38 ਸਾਲਾ ਵਿਅਕਤੀ ਦੀ ਮੌਤ ਹੋ ਗਈ। ਚਸ਼ਮਦੀਦ ਗਵਾਹਾਂ ਨੇ ਪੁਲਿਸ ਨੇ ਦੱਸਿਆ ਕਿ 86 ਐਵੀਨਿਊ 'ਤੇ ਪੱਛਮ ਵਾਲੇ ਪਾਸੇ ਨੂੰ ਜਾ ਰਹੀ ਚਿੱਟੇ ਰੰਗ ਦੀ ਔਡੀ ਐਸਯੂਵੀ ਨੇ ਜਦੋਂ 198ਏ ਸਟਰੀਟ 'ਤੇ ਦੱਖਣ ਵਾਲੇ ਪਾਸੇ ਨੂੰ ਮੁੜਨ ਦੀ ਕੋਸ਼ਿਸ਼ ਕੀਤੀ ਤਾਂ ਪੂਰਬ ਵਾਲੇ ਪਾਸੇ ਨੂੰ ਜਾ ਰਿਹਾ ਮੋਟਰ ਸਾਈਕਲ ਔਡੀ ਵਿਚ ਜਾ ਲੱਗਾ। ਸਰੀ ਦੇ 38 ਸਾਲਾ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ। ਦੁਰਘਟਨਾ ਵਿਚ ਔਡੀ ਦਾ 36 ਸਾਲਾ ਮਰਦ ਡਰਾਈਵਰ ਜ਼ਖ਼ਮੀ ਨਹੀਂ ਹੋਇਆ ਤੇ ਉਹ ਮੌਕੇ 'ਤੇ ਹੀ ਰਿਹਾ ਅਤੇ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ।

# ਸਰੀ ਪੁਲਿਸ ਸਰਵਿਸ ਨੇ 100ਵਾਂ ਅਫਸਰ ਕੀਤਾ ਹਾਇਰ

ਸਰੀ-ਸਰੀ ਪੁਲਿਸ ਸਰਵਿਸ ਨੇ 100ਵਾਂ ਅਫਸਰ ਹਾਇਰ ਕਰਕੇ ਇਕ ਮੀਲਪੱਥਰ ਕਾਇਮ ਕੀਤਾ ਹੈ ਅਤੇ ਫੋਰਸ ਲਗਾਤਾਰ ਆਪਣੀ ਭਰਤੀ ਨੂੰ ਵਧਾ ਰਹੀ ਹੈ। ਇਕ ਕੰਸਟੇਬਲ ਜਿਹੜਾ 100ਵਾਂ ਅਫਸਰ ਬਣਿਆਂ ਸਮੇਤ 7 ਸਤੰਬਰ ਨੂੰ 25 ਨਵੇਂ ਅਫਸਰ ਭਰਤੀ ਕੀਤਾ। ਸਰੀ ਪੁਲਿਸ ਸਰਵਿਸ ਲਈ ਸਟਾਫ ਵਿਚ ਇਕ ਦਿਨ ਵਿਚ ਇਹ ਸਭ ਤੋਂ ਵੱਡਾ ਵਾਧਾ ਸੀ ਜਿਹੜੀ ਆਖਰਕਾਰ ਸਰੀ ਆਰਸੀਐਮਪੀ ਦੀ ਥਾਂ ਲਵੇਗੀ। ਐਸਪੀਐਸ ਦੇ ਬੁਲਾਰੇ ਇਆਨ ਮੈਕਡੋਨਾਲਡ ਨੇ ਦੱਸਿਆ ਕਿ ਇਕ ਸਾਰਜੈਂਟ ਤੇ ਇਕ ਕੰਸਟੇਬਲ ਵਿੰਗਸ ਵਿਚ ਹਨ ਅਤੇ ਉਨ੍ਹਾਂ ਨੂੰ ਆਉਣ ਵਾਲੇ ਦਿਨਾਂ ਵਿਚ ਟੀਮ ਵਿਚ ਸ਼ਾਮਿਲ ਕੀਤਾ ਜਾਵੇਗਾ। 102 ਪੁਲਿਸ ਅਫਸਰਾਂ ਵਿਚੋਂ 77 ਫ਼ੀਸਦੀ ਮਰਦ, 23 ਫ਼ੀਸਦੀ ਔਰਤਾਂ, 39 ਫ਼ੀਸਦੀ ਘੱਟਗਿਣਤੀ ਅਤੇ 7 ਫ਼ੀਸਦੀ ਮੂਲਵਾਸੀਆਂ ਵਿਚੋਂ ਹਨ।

# ਕੰਸਰਵੇਟਿਵਾਂ ਵਲੋਂ ਪਾਬੰਦੀਸ਼ੁਦਾ ਅਪਰਾਧੀ ਸੰਗਠਨਾਂ ਦੀ ਸੂਚੀ ਬਣਾਉਣ ਦਾ ਪ੍ਰਸਤਾਵ

ਓਟਵਾ-ਐਰਿਨ ਓਟੂਲ ਦੀ ਕੰਸਰਵੇਟਿਵ ਪਾਰਟੀ ਗੈਂਗ ਮਾਮਲਿਆਂ ਵਿਚ ਸਜ਼ਾ ਦਿਵਾਉਣ ਲਈ ਪ੍ਰੌਸੀਕਿਊਟਰਾਂ ਦੀ ਮਦਦ ਵਾਸਤੇ ਪਾਬੰਦੀਸ਼ੁਦਾ ਅਪਰਾਧੀ ਸੰਗਠਨਾਂ ਦੀ ਇਕ ਸੂਚੀ ਤਿਆਰ ਕਰਨ ਦਾ ਪ੍ਰਸਤਾਵ ਦੇ ਰਹੀ ਹੈ। ਪਾਰਟੀ ਨੇ ਇਕ ਰਿਲੀਜ਼ ਵਿਚ ਕਿਹਾ ਕਿ ਸੂਚੀ ਬਣਾਉਣ ਨਾਲ ਪ੍ਰੌਸੀਕਿਊਟਰਾਂ ਨੂੰ ਇਹ ਸਾਬਤ ਕਰਨ ਦੀ ਲੋੜ ਖਤਮ ਹੋ ਜਾਵੇਗੀ ਕਿ ਇਹ ਗਰੁੱਪ ਇਕ ਅਪਰਾਧੀ ਸੰਗਠਨ ਹੈ ਅਤੇ ਕਰਾਉਨ ਨੂੰ ਕੇਵਲ ਇਹ ਸਾਬਤ ਕਰਨ ਦੀ ਲੋੜ ਹੋਵੇਗੀ ਕਿ ਦੋਸ਼ੀ ਇਸ ਤਰ੍ਹਾਂ ਦੇ ਸੰਗਠਨ ਦਾ ਮੈਂਬਰ ਹੈ ਪਰ ਵੈਨਕੂਵਰ ਦੇ ਵਕੀਲ ਟਰੇਸਾ ਮਿਸ਼ੇਲ ਬੈਂਕਸ ਜਿਹੜਾ ਸਾਬਕਾ ਗੈਂਗ ਪ੍ਰੌਸੀਕਿਊਟਰ ਹੈ ਨੇ ਕਿਹਾ ਕਿ ਇਸ ਤਰ੍ਹਾਂ ਦੀ ਸੂਚੀ ਬਣਾਉਣ ਨੂੰ ਬਿਨ੍ਹਾਂ ਸ਼ੱਕ ਕਾਨੂੰਨੀ ਚੁਣੌਤੀ ਮਿਲੇਗੀ।

# ਅਲਬਰਟਾ ਨੇ ਕੋਵਿਡ-19 ਦੀ ਚੌਥੀ ਲਹਿਰ ਵਧਣ ਦਰਮਿਆਨ ਨਰਸਾਂ ਦੀ ਤਨਖਾਹ 'ਚ ਕਟੌਤੀ ਦਾ ਪ੍ਰਸਤਾਵ ਵਾਪਸ ਲਿਆ

ਐਡਮਿੰਟਨ-ਅਲਬਰਟਾ ਨਰਸਿਜ਼ ਯੂਨੀਅਨ ਦਾ ਕਹਿਣਾ ਕਿ ਸਰਕਾਰ ਕੋਵਿਡ-19 ਦੇ ਵਧ ਰਹੇ ਮਾਮਲਿਆਂ ਤੇ ਸਟਾਫ ਦੀ ਘਾਟ ਦਰਮਿਆਨ ਤਿੰਨ ਫ਼ੀਸਦੀ ਤਨਖਾਹ ਵਿਚ ਕਟੌਤੀ ਕਰਨ ਤੋਂ ਪਿੱਛੇ ਹਟ ਰਹੀ ਹੈ। ਅਲਬਰਟਾ ਹੈਲਥ ਸਰਵਸਿਜ਼ ਨੇ ਸੂਬੇ ਦੀਆਂ ਨਰਸਾਂ ਸਾਹਮਣੇ ਨਵੀਂ ਕ੍ਰਿਤ ਤਜਵੀਜ਼ ਪੇਸ਼ ਕੀਤੀ ਹੈ। ਸੂਬਾ ਯੂਨੀਅਨ ਮੁਤਾਬਿਕ ਸਰਕਾਰ ਨੇ ਏਐਚਐਸ ਨੂੰ ਰਸਮੀ ਵਿਚੋਲਗੀ ਮੁੜ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਸੌਦੇਬਾਜ਼ੀ ਪ੍ਰਸਤਾਵਾਂ ਵਿਚ ਸੋਧ ਬਾਰੇ ਦੱਸਿਆ ਹੈ। ਨਵੇਂ ਲੇਬਰ ਪ੍ਰਸਤਾਵ ਵਿਚ ਤਨਖਾਹ ਵਿਚ ਕਟੌਤੀ ਤੇ ਤਨਖਾਹ ਪ੍ਰੀਮੀਅਮ ਵਿਚ ਕਟੌਤੀਆਂ ਨੂੰ ਬਾਹਰ ਰੱਖਣ ਦੀ ਗੱਲ ਹੈ ਜਿਸ ਬਾਰੇ ਮਹੀਨਿਆਂ ਤੋਂ ਏਐਨਐਸ ਨੇ ਸਮਝੌਤਾ ਕਰਨ ਦਾ ਯਤਨ ਕੀਤਾ ਹੈ। ਯੂਨਾਈਟਡ ਨਰਸਿਜ਼ ਆਫ ਅਲਬਰਟਾ ਨੇ ਤਬਦੀਲੀਆਂ ਨੂੰ ਪ੍ਰਗਤੀ ਆਖਿਆ ਹੈ।

# ਉੱਤਰੀ ਅਲਬਰਟਾ ਵਿਚ ਸਿੰਗ ਵਾਲੇ ਡਾਇਨਾਸੋਰ ਦੀ ਖੋਪੜੀ ਮਿਲੀ

ਐਡਮਿੰਟਨ-ਗਰੈਂਡ ਪ੍ਰੇਰੀ ਨੇੜੇ ਅਲਬਰਟਾ ਦੀ ਰੈਡਵਿਲੋ ਵੈਲੀ ਵਿਚ ਕੰਮ ਕਰਦੇ ਯੂਨੀਵਰਸਿਟੀ ਆਫ ਅਲਬਰਟਾ ਦੇ ਖੋਜੀ ਦੀ ਇਕ ਹੋਰ ਹੱਡੀ 'ਤੇ ਨੇੜਿਉਂ ਨਜ਼ਰ ਪਈ ਜਦੋਂ ਉਸ ਨੇ ਪੱਥਰ ਬਣ ਚੁੱਕੀ ਖੋਪੜੀ (ਫੋਸਲਲਾਈਜ਼ਡ ਖੋਪੜੀ) ਵਾਲੀ ਇਕ ਚਟਾਨ 'ਤੇ ਆਪਣੇ ਆਪ ਨੂੰ ਬੈਠਾ ਪਾਇਆ। ਇਹ 2019 ਦੀਆਂ ਗਰਮੀਆਂ ਦੀ ਗੱਲ ਹੈ। ਪਿਛਲੇ ਹਫਤੇ ਤਕ 72 ਮਿਲੀਅਨ ਸਾਲ ਪੁਰਾਣਾ ਫੋਸਿਲ ਉਥੇ ਮੌਜੂਦ ਸੀ। ਪਿਛਲੇ ਦੋ ਸਾਲਾਂ ਵਿਚ ਮਾਹਿਰਾਂ ਨੂੰ ਅਹਿਸਾਸ ਹੋਇਆ ਕਿ ਹੱਡੀ ਸਿੰਗ ਵਾਲੇ ਡਾਇਨਾਸੋਰ ਜਾਂ ਸੇਰਾਟੋਪੀਸਅਨ ਦੀ ਗੱਲ੍ਹ ਸੀ। ਯੂਨੀਵਰਸਿਟੀ ਆਫ ਅਲਬਰਟਾ ਵਿਖੇ ਐਸੋਸੀਏਟ ਪ੍ਰੋਫੈਸਰ ਤੇ ਵੈਂਬਲੇ ਵਿਚ ਫਿਲਪ ਜੇ ਕੁਰੀ ਡਾਇਨਾਸੋਰ ਅਜਾਇਬਘਰ ਦੇ ਕੁਰੇਟਰ ਕੋਰਵਿਨ ਸੁਲੀਵਨ ਨੇ ਕਿਹਾ ਕਿ ਜਦੋਂ ਤੁਸੀਂ ਪਹਿਲੀ ਵਾਰ ਬਾਹਰ ਫੋਸਿਲ ਨੂੰ ਦੇਖਦੇ ਹੋ ਤਾਂ ਤੁਹਾਨੂੰ ਅਕਸਰ ਪਤਾ ਨਹੀਂ ਲਗਦਾ ਕਿ ਤੁਸੀਂ ਕੀ ਦੇਖ ਰਹੇ ਹੋ। ਇਸ ਦਾ ਪਤਾ ਲਗਾਉਣ ਲਈ ਥੋੜਾ ਹੋਰ ਸਮਾਂ ਲਗਦਾ ਹੈ।

# ਕੈਲਗਰੀ ਦੇ ਮੇਅਰ ਅਹੁਦੇ ਦੇ ਉਮੀਦਵਾਰ ਜੌਹਨਸਟਨ ਨੂੰ 40 ਦਿਨ ਦੀ ਸਜ਼ਾ

ਕੈਲਗਰੀ-ਵਿਵਾਦਪੂਰਣ ਕੈਲਗਰੀ ਮੇਅਰ ਅਹੁਦੇ ਦੇ ਉਮੀਦਵਾਰ ਕੇਵਿਨ ਜੇ ਜੌਹਨਸਟਨ ਨੂੰ ਅਦਾਲਤ ਦੇ ਤਿੰਨ ਕੋਵਿਡ ਹੁਕਮਾਂ ਦੀ ਉਲੰਘਣਾ ਕਰਨ ਬਦਲੇ 40 ਦਿਨ ਕੈਦ ਦੀ ਸਜ਼ਾ ਸੁਣਾਈ ਹੈ। ਕੁਈਨ ਬੈਂਚ ਦੇ ਅਦਾਲਤੀ ਹੁਕਮ ਦੇ ਖਿਲਾਫ ਜਾ ਕੇ ਇਕ ਇਕੱਠ ਵਿਚ ਸ਼ਾਮਿਲ ਹੋਣ ਬਦਲੇ ਜੌਹਨਸਟਨ ਨੂੰ ਮਈ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਹੁਕਮ ਜਨਤਕ ਇਕੱਠਾਂ ਖਿਲਾਫ ਅਲਬਰਟਾ ਹੈਲਥ ਸਰਵਸਿਜ਼ ਨੂੰ ਕਾਰਵਾਈ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਹੜੇ ਜਨਤਕ ਸਿਹਤ ਹੁਕਮਾਂ ਦੀ ਪਾਲਣਾ ਨਹੀਂ ਕਰਦੇ। ਅਲਬਰਟਾ ਕੋਰਟ ਆਫ ਕੁਈਨ ਬੈਂਚ ਦੇ ਜਸਟਿਸ ਐਡਮ ਜਰਮੇਨ ਨੇ ਜੌਹਨਸਟਨ ਦੇ ਵਰਤਾਅ ਦੀ ਸਖਤ ਆਲੋਚਨਾ ਕੀਤੀ ਸੀ। ਉਸ ਨੂੰ ਇਹ ਵੀ ਹੁਕਮ ਦਿੱਤਾ ਕਿ ਉਹ ਏਐਚਐਸ ਨੂੰ ਖਰਚਿਆਂ ਲਈ 20000 ਡਾਲਰ ਦਾ ਭੁਗਤਾਨ ਕਰੇ।

# ਕੇਲਵਿਨ ਗੋਅਰਟਜ਼ਨ ਨੇ ਪ੍ਰੀਮੀਅਰ ਤੇ ਮਨੀਟੋਬਾ ਪੀਸੀਐਸ ਦੇ ਅੰਤਰਿਮ ਨੇਤਾ ਵਜੋਂ ਕਾਰਜਭਾਰ ਸੰਭਾਲਣਗੇ

ਵਿਨੀਪੈਗ-ਸਾਬਕਾ ਸਿਹਤ ਮੰਤਰੀ ਤੇ ਸਿੱਖਿਆ ਮੰਤਰੀ ਕੇਲਵਿਨ ਗੋਅਰਟਜ਼ਨ ਪ੍ਰੀਮੀਅਰ ਬਰਾਇਨ ਪਾਲਸਿਟਰ ਵਲੋਂ ਅਸਤੀਫਾ ਦੇਣ ਪਿੱਛੋਂ 2 ਮਹੀਨਿਆਂ ਲਈ ਸੂਬੇ ਦੇ ਪ੍ਰੋਗਰੈਸਿਵ ਕੰਸਰਵੇਟਿਵਸ ਦੇ ਅੰਤਰਿਮ ਨੇਤਾ ਤੇ ਪ੍ਰੀਮੀਅਰ ਵਜੋਂ ਕਾਰਜਭਾਰ ਸੰਭਾਲਣਗੇ। ਪੀਸੀ ਕੌਕਸ ਨੇ ਇਸ ਭੂਮਿਕਾ ਲਈ ਗੋਅਰਟਜ਼ਨ ਦੇ ਪੱਖ ਵਿਚ ਵੋਟਿੰਗ ਕੀਤੀ ਸੀ। ਪਾਰਟੀ ਦੀ ਬੰਦ ਕਮਰਾ ਮੀਟਿੰਗ ਪਿੱਛੋਂ ਕੌਕਸ ਦੇ ਚੇਅਰ ਗਰੇਗ ਨੇਸਬਿਟ ਨੇ ਫ਼ੈਸਲੇ ਬਾਰੇ ਲੈਫਟੀਨੈਂਟ ਗਵਰਨਰ ਨੂੰ ਜਾਣਕਾਰੀ ਦੇ ਦਿੱਤੀ ਹੈ। ਨੇਸਬਿਟ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਇਸ ਅੰਤਰਿਮ ਸਮੇਂ ਵਿਚ ਸਾਡੀ ਅਗਵਾਈ ਕਰਨ ਲਈ ਕੇਲਵਿਨ ਗੋਅਰਟਜ਼ਨ ਬਿਹਤਰੀਨ ਵਿਅਕਤੀ ਹਨ। ਦੋ ਮਹੀਨਿਆਂ ਦੀ ਮਿਆਦ ਲਈ ਗੋਅਰਟਜ਼ਨ ਮਨੀਟੋਬਾ ਦੇ 23ਵੇਂ ਪ੍ਰੀਮੀਅਰ ਹੋਣਗੇ। ਪੈਲਿਸਟਰ ਦਾ ਪ੍ਰੀਮੀਅਰ ਵਜੋਂ ਸਮਾਂ ਬੁੱਧਵਾਰ ਸਵੇਰੇ ਖਤਮ ਹੋ ਗਿਆ। ਜਦੋਂ ਉਹ ਇਕ ਵਾਰ ਅਸਤੀਫਾ ਦੇ ਦੇਣਗੇ ਤਾਂ ਗੋਅਰਟਜ਼ਨ ਸਹੁੰ ਚੁੱਕ ਲੈਣਗੇ। ਗੋਅਰਟਜ਼ਨ ਨੇ ਸਟੀਨਬੈਚ ਲਈ 2003 ਤੋਂ ਐਮਐਲਏ ਦੀ ਸੇਵਾ ਨਿਭਾਅ ਰਹੇ ਹਨ।

NORTHCOAST LUMBER 1

CALL THE TRUE CONTRACTORS YARD TODAY

604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

GLOBAL INSURANCE

"WE SECURE YOUR VALUES"

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜ਼ਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ

Autoplan

New Producers Welcome

Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes




GULSHARAN S. WALIA HARVINDER WALIA KANWAR (SUNNY) WALIA

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

Open 7 Days a Week

Call Now For SUPER VISA INSURANCE

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

ਸੁਪਰ ਵੀਜ਼ਾ ਇੰਸ਼ੋਰੈਂਸ ਲਈ
ਅੱਜ ਹੀ ਫੋਨ ਕਰੋ


3 LOCATIONS TO SERVE YOU :

www.globalins.ca

#101 - 2464 Clearbrook Rd.
Abbotsford, BC V2T 2X8
604-852-8111
Fax: 604-852-4446

#102 - 18408 64th Ave.
Surrey, BC V3S 1E9
604-574-5115
Fax: 604-574-5116

#115 - 6820 188th St.
Surrey, BC V4N 3G6
604-574-1771
Fax: 604-574-1761




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਨੂਰੇ ਮਾਹੀ ਨੂੰ ਭੇਜਣਾ

493 ਰਾਇ ਕੱਲ੍ਹਾ ਜੀ ਕਹਿੰਦੇ ਗਲ ਕਿਹੜੀ, ਮੈਂ ਪਲ ਨਾ ਗੁਰੂ ਜੀ ਲਾਂਵਦਾ ਹਾਂ।
ਨੂਰਾ ਮਾਹੀ ਘੋੜ ਅਸਵਾਰ ਚੰਗਾ, ਇਸਨੂੰ ਹੁਣੇ ਮੈਂ ਦੁੜਾਂਵਦਾ ਹਾਂ।
ਭੈਣ ਇਯਦੀ ਹੈ ਸਰਹਿੰਦ ਰਹਿੰਦੀ, ਭੋਰਾ ਭੋਰਾ ਖਬਰ ਮੰਗਾਂਵਦਾ ਹਾਂ।
ਮੁੜੂ ਕੱਲ੍ਹ ਨੂੰ ਲੈ ਕੇ ਸਾਰ ਸਾਰੀ, ਛੋਲੇ ਘੋੜੀ ਨੂੰ ਰੱਜ ਖੁਆਂਵਦਾ ਹਾਂ॥

### ਮਾਹੀ ਦਾ ਸਰਹਿੰਦ ਨੂੰ ਤੁਰਨਾ ਤੇ ਭੈਣ ਨਾਲ ਗੱਲਾਂ ਕਰਨੀਆਂ

494 ਤਾਰਾ ਚੜ੍ਹਿਆ ਜਦ ਸਵੇਰ ਵਾਲਾ, ਨੂਰੇ ਮਾਹੀ ਨੇ ਕਾਠੀ ਪਾ ਦਿੱਤੀ।
ਕੰਡਿਆਲਾ ਚੱਕ ਬਕੀ ਦੇ ਮੂੰਹ ਪਾਇਆ, ਅੱਡੀ ਉਸਨੇ ਉਸਨੂੰ ਲਾ ਦਿੱਤੀ।
ਚਾਰ ਪੌੜਾਂ ਨੇ ਸ਼ੁਰੂ ਸੰਗੀਤ ਕੀਤਾ, ਸੁੱਤੀ ਧਰਤੀ ਉਸ ਜਗਾ ਦਿੱਤੀ।
ਹਰਚੰਦ ਸਿੰਘਾ ਸ਼ੌਕ ਦੇ ਨਾਲ ਪਾਲ਼ੀ, ਬੱਕੀ ਸਰਹਿੰਦ ਦੇ ਵੱਲ ਭਜਾ ਦਿੱਤੀ॥

495 ਸਰਹਿੰਦ ਪਹੁੰਚਿਆ ਭੈਣ ਦੇ ਘਰ ਜਾ ਕੇ, ਦਿੱਤਾ ਉਸਨੂੰ ਜਾ ਪਿਆਰ ਮੀਆਂ।
ਭੈਣ ਵੀਰ ਨੂੰ ਵੇਖਕੇ ਖੁਸ਼ ਹੋਈ, ਲਈ ਘਰ ਦੀ ਖਬਰਸਾਰ ਮੀਆਂ।
ਦੁੱਧ ਕੱਢਕੇ ਉਸਨੇ ਕਾੜਨੀ 'ਚੋਂ ਵਿਚ ਸ਼ੱਕਰ ਦੀ ਮੁੱਠੀ ਸੀ ਮਾਰ ਮੀਆਂ।
ਮੰਜੇ ਜੋੜਕੇ ਬਹੇ ਹਰਚੰਦ ਸਿੰਘਾ, ਗੱਲੀਂ ਪਿਆ ਸਾਰਾ ਪਰਿਵਾਰ ਮੀਆਂ॥

496 ਨੂਰਦੀਨ ਨੇ ਭੈਣ ਦੇ ਕੋਲ ਹੋ ਕੇ, ਸਬੱਬ ਦੱਸਿਆ ਉਸਨੂੰ ਆਵਣੇ ਦਾ।
ਮਿੱਸੀ ਰੋਟੀ ਮੈਂ ਦੁੱਧ ਦੇ ਨਾਲ ਖਾ ਲਊਂ, ਸਮਾਂ ਹੈ ਨਹੀਂ ਪੀਣੇ ਤੇ ਖਾਵਣੇ ਦਾ।
ਮੇਰੇ ਮਾਲਕਾਂ ਘੱਲਿਆ ਆਖ ਮੈਨੂੰ, ਸਿਰ ਫ਼ਿਕਰ ਹੈ ਮੁੜਕੇ ਜਾਵਣੇ ਦਾ।
ਹਰਚੰਦ ਸਿੰਘਾ ਉਡੀਕਦੇ ਸਾਹਿਬ ਸੱਚੇ, ਜਾ ਕੇ ਉਨ੍ਹਾਂ ਨੂੰ ਖਬਰ ਸੁਣਾਵਣੇ ਦਾ॥

### ਨੂਰੇ ਮਾਹੀ ਦੀ ਭੈਣ

497 ਗੱਲ ਸੁਣ ਕੇ ਭੈਣ ਨੇ ਧਾਹ ਮਾਰੀ, ਮੋਢੇ ਵੀਰ ਦੇ ਲੱਗ ਕੇ ਰੋਂਵਦੀ ਏ।
ਪਰਦੇ ਨਾਲ ਹੀ ਪਰਦੇ ਦੀ ਗੱਲ ਹੋਵੇ, ਬੂਹਾ ਉਠ ਕੇ ਘਰ ਦਾ ਢੋਂਵਦੀ ਏ।
ਸ਼ੱਕ ਪਏ ਨਾ ਗਲੀ ਗਵਾਂਢ ਤਾਈਂ, ਨੇੜੇ ਵੀਰ ਦੇ ਹੋਰ ਹੋਂਵਦੀ ਏ।
ਹਰਚੰਦ ਸਿੰਘਾ ਉਸਨੇ ਜੋ ਸੁਣਿਆਂ, ਕੰਨੀ ਵੀਰ ਦੇ ਸਭ ਕੁੱਝ ਚੋਂਵਦੀ ਏ॥

### ਕਵੀਓ ਵਾਚ

498 ਗੱਲਾਂ ਕਰਦਿਆਂ ਸਾਰੀ ਰਾਤ ਲੰਘੀ, ਸੁਣ ਹੰਝੂ ਵਹਾਏ ਸਾਰਿਆਂ ਨੇ।
ਰੋਇਆ ਰੱਜ ਕੇ ਧਰਤ ਦਾ ਹਰ ਬੂਟਾ, ਅੱਖਾਂ ਭਰਕੇ ਡੋਲ੍ਹੀਆਂ ਤਾਰਿਆਂ ਨੇ।
ਕਿਵੇਂ ਦੱਸੇਗਾ ਜਾਕੇ ਪਾਤਿਸ਼ਾਹ ਨੂੰ, ਜੋ ਕੀਤੀ ਸਰਹਿੰਦ ਹੱਤਿਆਰਿਆਂ ਨੇ।
ਹਰਚੰਦ ਸਿੰਘਾ ਸਰਹਿੰਦ ਨਾ ਹੁਣ ਬਚਦੀ, ਢਾਹ ਸੁੱਟਣੀ ਪਾਪਾਂ ਭਾਰਿਆਂ ਨੇ॥

### ਨੂਰਾ ਮਾਹੀ

499 ਮਾਹੀ ਆਖਦਾ ਬੜੀ ਸੀ ਆਸ ਮੈਨੂੰ, ਖਬਰ ਖੁਸ਼ੀ ਦੀ ਲੈ ਕੇ ਜਾਊਂਗਾ ਮੈਂ।
ਮੂੰਹੋਂ ਮੰਗੀਆਂ ਮੇਰੇ ਦਾਤਾਰ ਕੋਲੋਂ, ਬੇ-ਮੁੱਲੀਆਂ ਦੌਲਤਾਂ ਪਾਊਂਗਾ ਮੈਂ।
ਭਾਲ ਕਰਕੇ ਦਾਦੀ ਤੇ ਪੋਤਿਆਂ ਦੀ, ਰੂਹਾਂ ਵਿਛੜੀਆਂ ਮੁੜ ਮਿਲਾਊਂਗਾ ਮੈਂ।
ਕੀ ਪਤਾ ਸੀ ਮੈਨੂੰ ਹਰਚੰਦ ਸਿੰਘਾ, ਦੁਖੀ ਪਿਤਾ ਨੂੰ ਹੋਰ ਦਖਾਊਂਗਾ ਮੈਂ

### ਕਵੀਓ ਵਾਚ

500 ਜਿੱਥੋਂ ਮਿਲੀ ਲੈ ਕੇ ਖਬਰ ਸਾਰੀ, ਮਾਹੀ ਮੁੜਿਆ ਪਿੰਡ ਨੂੰ ਆਂਵਦਾ ਏ।
ਕਿਤੇ ਬੈਠ ਨਾ ਉਸ ਆਰਾਮ ਕੀਤਾ, ਵਿਚ ਕਾਹਲ ਦੇ ਪੰਧ ਮੁਕਾਂਵਦਾ ਏ।
ਸਤਿਗੁਰ ਖੂਹ ਤੇ ਕਰਨ ਉਡੀਕ ਉਸਦੀ, ਆ ਕੇ ਚਰਨੀਂ ਸੀਸ ਨਿਭਾਂਵਦਾ ਏ।
ਹਰਚੰਦ ਸਿੰਘਾ, ਗੁਰਾਂ ਦੇ ਹੋ ਅੱਗੇ, ਮਾਹੀ ਖੋਲ੍ਹਕੇ ਖਬਰ ਸੁਣਾਂਵਦਾ ਏ॥

### ਕਵੀਓ ਵਾਚ

501 ਨੂਰਾ ਮਾਹੀ ਰੇਤ ਤੇ ਬੈਠ ਗਿਆ, ਮੁਹਰੇ ਗੁਰਾਂ ਦੇ ਚੌਂਕੜਾ ਮਾਰ ਮੀਆਂ।
ਬੈਠੇ ਮੰਜੇ ਤੇ ਆਣ ਦਾਤਾਰ ਮੇਰੇ, ਹੱਥ ਲੈ ਨੰਗੀ ਤਲਵਾਰ ਮੀਆਂ।
ਤਿੰਨ ਸਿੰਘ ਨੇ ਪਹਿਰੇਦਾਰ ਖੜੇ, ਰਾਏ ਕੱਲ੍ਹੇ ਦਾ ਆਇਆ ਪਰਿਵਾਰ ਮੀਆਂ।
ਹਰਚੰਦ ਸਿੰਘਾ ਮਾਹੀ ਨੇ ਪਾਈ ਨੀਵੀਂ, ਜਿਵੇਂ ਬੈਠ ਦੇ ਗੁਨ੍ਹਾਂਗਾਰ ਮੀਆਂ॥

### ਨੂਰੇ ਮਾਹੀ ਨੇ ਸਾਰਾ ਹਾਲ ਦੱਸਣਾ

502 ਭੁੱਬਾਂ ਮਾਰਦਾ ਕਰੀ ਨਾ ਗੱਲ ਜਾਏ, ਦੁੱਖ ਵੱਡਾ ਤੇ ਛੋਟੀ ਜ਼ੁਬਾਨ ਭਾਈ।
ਕਿੱਥੋਂ ਕਿਵੇਂ, ਗੱਲ ਉਹ ਸ਼ੁਰੂ ਕਰੇ, ਉਲਝੀ ਤਾਣੀ ਨਾ ਸਿਰੇ ਥਿਆਣ ਭਾਈ।
ਉਸਨੂੰ ਵੇਖਕੇ ਸਾਰੇ ਹੀ ਸੋਚਦੇ ਨੇ, ਗੱਲ ਲਗਦੀ ਕੋਈ ਬਰਾਨ ਭਾਈ।
ਕਹਿੰਦੇ ਗੁਰੂ ਜੀ ਬੋਲ ਹਰਚੰਦ ਸਿੰਘਾ, ਜੇਰਾ ਕਰਕੇ ਕਰ ਬਿਆਨ ਭਾਈ॥

503 ਧਾਹ ਮਾਹੀ ਨੇ ਗੁਰਾਂ ਦੇ ਪੈਰ ਫੜ ਲਏ, ਹੌਲੀ ਹੌਲੀ ਉਹੋ ਦਬਾਉਣ ਲੱਗਾ।
ਪਰਨੇ ਨਾਲ ਸੁਕਾਕੇ ਨੇਤਰਾਂ ਨੂੰ, ਜਰਾ ਖੰਘ ਕੇ ਗਲਾ ਸੁਕਾਉਣ ਲੱਗਾ।
ਚਿਹਰਾ ਚਮਕਦਾ ਵੇਖ ਕੇ ਗੁਰੂ ਜੀ ਦਾ, ਸੇਕ ਉਸਨੂੰ ਉਸ 'ਚੋਂ ਆਉਣ ਲੱਗਾ।
ਹਰਚੰਦ ਸਿੰਘਾ ਅਣਹੋਣੀ ਜੋ ਹੋਈ, ਬੰਦਾ ਰੱਬ ਨੂੰ ਬੈਠ ਸੁਣਾਉਣ ਲੱਗਾ॥

504 ਗੰਗਾ ਰਾਮ ਦੇ ਪਿੰਡ ਸੀ ਜਾ ਪਹੁੰਚੇ, ਮਾਤਾ ਗੁਜ਼ਰੀ ਸਰਸਾ ਪਾਰ ਕਰਕੇ।
ਖੇੜੀ ਰੱਖਿਆ ਉਸ ਸਾਹਿਬਜ਼ਾਦਿਆਂ ਨੂੰ, ਤਨੋਂ-ਮਨੋਂ ਬਹੁਤ ਪਿਆਰ ਕਰਕੇ।
ਮਾਇਆ ਵੇਖਕੇ ਡੋਲਿਆ ਦਿਲ ਉਸਦਾ, ਰਾਤੀਂ ਚੱਕ ਲਈ ਮਾਤਾ ਲਾਚਾਰ ਕਰਕੇ।
ਹਰਚੰਦ ਸਿੰਘਾ ਸਵੇਰੇ ਸੁਣਾਉਣ ਲੱਗਾ, ਕਹਾਣੀ ਚੋਰੀ ਦੀ ਉਹੋ ਤਿਆਰ ਕਰਕੇ॥

### ਮਾਤਾ ਜੀ ਦਾ ਗੰਗੂ ਨੂੰ ਉਤਰ

505 ਕਹਿੰਦੇ ਮਾਤਾ ਜੀ ਪੁੱਤਰਾ ਗੰਗਾ ਰਾਮਾ, ਤੇਰੇ ਬਿਨਾਂ ਇੱਥੇ ਨਹੀਂ ਹੋਰ ਆਇਆ।
ਵੇ ਮੈਂ ਜਾਗਦੀ ਪਈ ਸੀ ਬਿਸਤਰੇ ਤੇ, ਬੂਹਾ ਭੰਨ ਨਾ ਕੋਈ ਵੀ ਚੋਰ ਆਇਆ।
ਪਹਿਲਾਂ ਵਾਂਙ ਹੀ ਬੂਹੇ ਖਿੜਕੀਆ ਨੇ, ਚੂਲੇ ਸਰਦਲਾਂ ਕੋਈ ਨਹੀਂ ਜ਼ੋਰ ਆਇਆ।
ਹਰਚੰਦ ਸਿੰਘਾ ਅੱਖੀਂ ਵੇਖਿਆ ਮੈਂ, ਤੂੰ ਤੇ ਲੱਛਮੀਂ ਘਰੋਂ ਹੈ ਤੋਰ ਆਇਆ॥

### ਸੱਚ ਸੁਣ ਕੇ ਗੰਗੂ ਨੂੰ ਅੱਗ ਲੱਗਣੀ

506 ਸੱਚ ਸੁਣਕੇ ਗੰਗੂ ਨੂੰ ਅੱਗ ਲੱਗੀ, ਉਹ ਤੇ ਬਹਿ ਗਿਆ ਆਢਾ ਲਾ ਕੇ ਜੀ।
ਮੇਰੀ ਸੇਵਾ ਦਾ ਸਿਲਾ ਤੂੰ ਆਹ ਦਿੱਤੀ, ਭਲੇ ਪੁਰਸ਼ ਨੂੰ ਚੋਰ ਬਣਾ ਕੇ ਜੀ।
ਠਾਣੇ ਜਾ ਕੇ ਚੋਰੀ ਦੀ ਦਿਆਂ ਅਰਜ਼ੀ, ਲਿਆਵਾਂ ਠਾਣਾ ਮੁਰਿੰਡਿਓਂ ਜਾ ਕੇ ਜੀ।
ਜਾਉ ਇੱਥੋਂ ਤੇ ਕਰੋ ਘਰ ਵਿਹਲਾ, ਮੈਨੂੰ ਛੱਟੋ ਨਾ ਛੱਜ ਵਿਚ ਪਾ ਕੇ ਜੀ॥

### ਮਾਤਾ ਜੀ ਦਾ ਤਰਲਾ

507 ਮਾਤਾ ਗੁਜਰੀ ਪਿਆਰ ਦੇ ਨਾਲ ਆਖੇ, ਮਾਇਆ ਰੱਖ ਲੈ ਗੱਲ ਮੁਕਾ ਬੀਬਾ।
ਜਦੋਂ ਸਮੇਂ ਨੇ ਸਭ ਕੁੱਝ ਖੋਹ ਲਿਆ ਏ, ਇਸ ਬਿਨਾਂ ਵੀ ਹੋ ਜਾਊ ਨਿਰਵ੍ਹਾ ਬੀਬਾ।
ਜਾਹ ਜਾ ਕੇ ਗੁਰਾਂ ਦੀ ਭਾਲ ਕਰ ਤੂੰ, ਸਾਨੂੰ ਉਨ੍ਹਾਂ ਦੇ ਨਾਲ ਮਿਲਾ ਬੀਬਾ।
ਧੰਨ ਭਾਗ ਹੈ ਤੇਰਾ ਹਰਚੰਦ ਸਿੰਘਾ, ਜੋ ਘੜੀ ਤੈਂ ਦਿੱਤੀ ਲੰਘਾ ਬੀਬਾ॥

508 ਮੇਰੀ ਪੋਟਲੀ ਮੈਨੂੰ ਮੋੜ ਦੇਦੇ, ਉਸ ਵਿਚ ਹੈ ਮੇਰਾ ਸੰਸਾਰ ਬੇਟਾ।
ਜੀਤੋ ਨੂੰਹ ਦੀ ਉਸ ਵਿਚ ਹੈ ਮਾਲਾ, ਇਕ ਉਸਦੇ ਗਲੇ ਦਾ ਹਾਰ ਬੇਟਾ।
ਉਸ ਨਾਲ ਹੈ ਮੇਰੀ ਜਾਨ ਬੱਝੀ, ਨੌਂਵੇਂ ਗੁਰਾਂ ਦੀ ਵਿਚ ਦਸਤਾਰ ਬੇਟਾ।
ਜੰਜੂ, ਤਿਲਕ ਅਤੇ ਹਿੰਦ ਉਤੇ, ਉਸ ਪੱਗ ਨੇ ਕੀਤਾ ਉਪਕਾਰ ਬੇਟਾ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# RADIO INDIA - 1110 AM

## 24-Hour

We are back on air.....

Radio India

Tune into 1110 AM

www.radioindia.ca

604 592 9191

604 592 9091

info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜ੍ਹੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

sep18

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ-9915213697 (ਇੰਡੀਆ ਵੈਟਸੈਪ)

sep18

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

ਹਿੰਦੂ ਖੱਤਰੀ ਲੜਕਾ, 32, 5'8", ਐਮ.ਕਾਮ ਐਲਐਲਬੀ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਮਾਂਟਰੀਅਲ (ਕਿਊਬੇਕ) ਵਿਚ ਸਟੱਡੀ ਕਰ ਰਿਹਾ ਹੈ। ਭਾਰਤ ਵਿਚ ਵਧੀਆ ਪਰਿਵਾਰ ਹੈ। ਸੰਪਰਕ-778-710-0181 ਜਾਂ 98155-34655

sep11

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

ਹਿੰਦੂ ਰਵਿਦਾਸੀਆ ਲੜਕੀ, 31, 5'5", ਐਮ.ਐਸ.ਸੀ. (ਕੰਪਿਊਟਰ ਸਾਇੰਸ) ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਵੈਸ਼ਨੂੰ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਪਰਿਵਾਰ ਭਾਰਤ ਵਿਚ ਵਧੀਆ ਸੈਟਲਡ ਹੈ। ਸੰਪਰਕ-778-710-0181 ਜਾਂ 95921-36320

sep11

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ: ਸਾਹਿਬ ਸਿੰਘ : 778-863-9000**

### ਵਰਕਰਾਂ ਦੀ ਲੋੜ

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

aug28

New Way Rooifng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਨਵੇਂ ਅਤੇ ਤਜਰਬੇ ਤੋਂ ਬਗ਼ੈਰ ਵਰਕਰ ਵੀ ਸੰਪਰਕ ਕਰ ਸਕਦੇ ਹਨ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-719-7927 ਤੇ ਸੰਪਰਕ ਕਰੋ।

sep05

Jo Discount Surrey ਵਾਲਿਆਂ ਨੂੰ 2 ਪਾਰਟ ਟਾਇਮ ਵਰਕਰਾਂ ਦੀ ਜ਼ਰੂਰਤ ਹੈ। ਸੰਪਰਕ-604-501-9388

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ।ਲਾਭਾਂ ਦੇ ਨਾਲ ਚੰਗੀ ਤਨਖਾਹ।ਕੰਮ ਦੀ ਜਗ੍ਹਾ ਵੈਨਕੂਵਰ ਹੈ।ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

sep11

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

ਧਾਲੀਵਾਲ ਇੰਨਸੂਲੇਸ਼ਨ ਲਿਮਿਟਡ ਵਾਲਿਆਂ ਨੂੰ ਕਾਮਿਆਂ ਦੀ ਜ਼ਰੂਰਤ ਹੈ।ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ।ਰੈਜ਼ੀਡੈਂਸੀਅਲ ਅਤੇ ਕਮਰਸ਼ੀਅਲ ਇੰਨਸੂਲੇਸ਼ਨ, ਕੰਮ ਵਧੀਆ ਅਤੇ ਤਸੱਲੀਬਖਸ਼ ਕੰਮ ਲਈ ਸਪੰਰਕ ਕਰੋ ਬਿਲ (ਬਲਜਿੰਦਰ) ਧਾਲੀਵਾਲ 604-671-2308 ਜਾਂ info@dhaliwalinsulation.ca

July 03

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਮਕਾਨ ਕਿਰਾਏ ਲਈ ਖਾਲੀ

ਸਰੀ ਦੇ ਫਲੀਟਵੁੱਡ ਏਰੀਆ ਵਿਚ 4 ਬੈੱਡਰੂਮ 3 ਵਾਸ਼ਰੂਮ ਅਤੇ 2 ਕਾਰਾਂ ਦੇ ਗਰਾਜ ਵਾਲਾ ਮਕਾਨ ਕਿਰਾਏ ਲਈ ਉਪਲਬਧ ਹੈ। ਸਕੂਲ, ਸਟੋਰ ਅਤੇ ਬੱਸ ਸਟਾਪ ਆਦਿ ਸਹੂਲਤਾਂ ਨਜ਼ਦੀਕ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-719-7927.

sep05

# ਮੋਬਾਈਲ ’ਤੇ ਵੀ ਥੋੜ੍ਹਾ ਤਰਸ ਖਾਓ




ਇੱਕ ਸਰਵੇਖਣ ਮੁਤਾਬਿਕ ਏਸ਼ੀਆਈ ਸੈਲਾਨੀ ਸਭ ਤੋਂ ਜ਼ਿਆਦਾ ਆਪਣੇ ਸਮਾਰਟ ਫੋਨ ਨਾਲ ਚਿਪਕੇ ਰਹਿੰਦੇ ਹਨ। ਤੁਸੀਂ ਬੇਸ਼ੱਕ ਆਪਣਾ ਟੁੱਥ ਬਰੱਸ਼ ਤੇ ਪੇਸਟ ਨਾਲ ਲਿਜਾਣਾ ਭੁੱਲ ਜਾਓ, ਪਰ ਮੋਬਾਈਲ ਨਹੀਂ ਭੁੱਲ ਸਕਦੇ। ਸੈਲਾਨੀਆਂ ਮੁਤਾਬਿਕ ਸਮਾਰਟ ਫੋਨ, ਬਰੱਸ਼, ਟੁੱਥਪੇਸਟ, ਡਰਾਈਵਿੰਗ ਲਾਇਸੈਂਸ ਜਿਹੀਆਂ ਜ਼ਰੂਰਤਾਂ ਤੋਂ ਕਿਤੇ ਅੱਗੇ ਹੈ। ਇੱਕ ਵਾਰ ਇੱਕ ਲਿਫ਼ਟ ਵਿੱਚ ਇੱਕ ਆਦਮੀ ਨੇ ਇੱਕ ਮਹਿਲਾ, ਜਿਸ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਸੀ ਤੇ ਸਾਹ ਉਖੜ ਰਹੇ ਸਨ, ਨੂੰ ਪੁੱਛਿਆ, “ਤੁਹਾਨੂੰ ਦਮੇ ਦੀ ਤਕਲੀਫ਼ ਤਾਂ ਨਹੀਂ ਜਾਂ ਤੁਹਾਡਾ ਲਿਫ਼ਟ ਵਿੱਚ ਦਮ ਤਾਂ ਨਹੀਂ ਘੁਟ ਰਿਹਾ?” ਔਰਤ ਨੇ ਜਵਾਬ ਦਿੱਤਾ, “ਮੇਰਾ ਦਮ ਘੁਟ ਰਿਹਾ ਹੈ ਕਿਉਂਕਿ ਮੇਰੇ ਮੋਬਾਈਲ ’ਤੇ ਨੈੱਟਵਰਕ ਦਾ ਸਿਗਨਲ ਨਹੀਂ ਆ ਰਿਹਾ।” ਹੁਣ ਕੋਈ ਸਰਕਾਰੀ ਫ਼ਰਮਾਨ ਤਾਂ ਨਹੀਂ ਕੱਢ ਸਕਦੇ ਕਿ ਤੁਸੀਂ ਆਪਣਾ ਮੋਬਾਈਲ ਕਲਾਸਾਂ, ਸ਼ਮਸ਼ਾਨ ਤੇ ਮੀਟਿੰਗਾਂ ਆਦਿ ਵਿੱਚ ਨਾ ਵਰਤੋ ਕਿਉਂਕਿ ਲੋਕਾਂ ਨੂੰ ਖ਼ੁਦ ਇੰਨੀ ਜ਼ਿੰਮੇਵਾਰੀ ਵਿਖਾਉਣੀ ਚਾਹੀਦੀ ਹੈ ਕਿ ਕਿੱਥੇ ਮੋਬਾਈਲ ’ਤੇ ਗੱਲ ਕਰਨੀ ਹੈ ਤੇ ਕਿੱਥੇ ਨਹੀਂ। ਇੰਜ ਤਾਂ ਨਹੀਂ ਹੋ ਸਕਦਾ ਕਿ ਗੇਂਦਬਾਜ਼ ਮਲਿੰਗਾ ਰਨਅੱਪ ਕਰਦੇ ਵਿਰਾਟ ਕੋਹਲੀ ਵੱਲ ਤੂਫ਼ਾਨੀ ਬਾਲ ਸੁੱਟਣ ਲੱਗੇ ਤਾਂ ਕੋਹਲੀ ਉਸ ਨੂੰ ਹੱਥ ਵਿਖਾ ਕੇ ਰੋਕ ਦੇਵੇ ਤੇ ਇਹ ਕਹੇ, “ਇੱਕ ਮਿੰਟ ਭਾਈ ਸਾਹਿਬ, ਮੈਨੂੰ ਇੱਕ ਐਡ ਕੰਪਨੀ ਤੋਂ ਫੋਨ ਆਇਆ ਹੈ। ਦੋ ਮਿੰਟ ਗੱਲ ਕਰ ਲਵਾਂ। ਫਿਰ ਤੇਰੀ ਬਾਲ ਖੇਡਾਂਗਾ।” ਉਦੋਂ ਸਭ ਤੋਂ ਵੱਡੀ ਹੈਰਾਨੀ ਅਤੇ ਗੁੱਸਾ ਆਉਂਦਾ ਹੈ ਜਦੋਂ ਸ਼ਮਸ਼ਾਨ ਘਾਟ ਵਿੱਚ ਇੱਕ ਪਲ ਲੋਕ ਹੰਝੂ ਵਹਾਉਂਦੇ ਨਜ਼ਰ ਆਉਂਦੇ ਹਨ ਤੇ ਦੂਜੇ ਪਲ ਹੀ ਕਿਸੇ ਸਾਧਾਰਨ ਮਸਲੇ ’ਤੇ ਗੱਲ ਕਰਨ ਲਈ ਫੋਨ ’ਤੇ ਗੱਲ ਕਰਨ ਲੱਗਦੇ ਹਨ। ਕਈ ਵਾਰ ਤਾਂ ਉੱਚੀ ਆਵਾਜ਼ ਵਿੱਚ ਪੂਰੇ ਦ੍ਰਿਸ਼ ਦਾ ਵਰਣਨ ਹੋ ਜਾਂਦਾ ਹੈ, “ਹਾਂ ਜੀ, ਮੈਂ ਇੱਥੇ ਸੰਸਕਾਰ ’ਤੇ ਆਇਆ ਹਾਂ। ਬਸ ਹੁਣੇ ਫਾਰਗ ਹੋ ਕੇ ਤੁਹਾਡੇ ਕੋਲ ਪਹੁੰਚਦਾ ਹਾਂ। ਫਿਰ ਸ਼ਾਮ ਦੀ ਪਾਰਟੀ ਦਾ ਪਲੈਨ ਬਣਾਉਂਦੇ ਹਾਂ।” ਇੰਜ ਹੀ ਇੱਕ ਮੌਕੇ ਚਿਖਾ ਬਾਲਣ ਦੀ ਤਿਆਰੀ ਕਰ ਰਹੇ ਸੀ ਤਾਂ ਕਿਸੇ ਦਾ ਫੋਨ ਵੱਜਿਆ ਤੇ ਪੂਰੇ ਜੋਸ਼ ਦੇ ਨਾਲ ਰਿੰਗਟੋਨ ‘ਮੌਜਾਂ ਹੀ ਮੌਜਾਂ’ ਵੱਜਣ ਲੱਗੀ। ਪੰਡਿਤ ਜੀ ਨੂੰ ਗੁੱਸਾ ਆਇਆ। ਉਹ ਬੋਲੇ, “ਬੰਦ ਕਰੋ ਫੋਨ, ਇਹ ਕੋਈ ਟਾਈਮ ਹੈ?” ਰਿਸ਼ਤੇਦਾਰਾਂ ਨੇ ਸਮਝਾਇਆ, “ਪੰਡਿਤ ਜੀ, ਇਹ ਤਾਂ ਸਹੀ ਗਾਣਾ ਹੈ। ਇਹ ਤਾਂ ਮਰ ਗਏ ਪਰ ਸਾਡੇ ਸਭ ਲਈ ਤਾਂ ਜਾਇਦਾਦ ਛੱਡ ਗਏ।” ਬੇਸ਼ੱਕ ਤੁਸੀਂ ਸਾਥੋਂ ਸਾਡੀ ਨੀਂਦ ਖੋਹ ਲਵੋ, ਖਾਣਾ ਖੋਹ ਲਵੋ, ਟੀਵੀ ਬੰਦ ਕਰ ਦਿਓ, ਪਰ ਮੋਬਾਈਲ ਬਗੈਰ ਇੱਕ ਮਿੰਟ ਇਉਂ ਲੱਗਦਾ ਹੈ ਕਿ ਸਾਨੂੰ ਸਮੇਂ ਦੀ ਸੁਨਾਮੀ ਨੇ ਉਛਾਲ ਕੇ ਕਿਤੇ ਪਟਕ ਦਿੱਤਾ ਹੋਵੇ। ਇੱਕ ਮਿੰਟ ਲਈ ਵੀ ਸਾਡੀ ਗੱਡੀ ਲਾਲ ਬੱਤੀ ’ਤੇ ਰੁਕਦੀ ਹੈ ਤਾਂ ਅਸੀਂ ਭੁੱਖੇ ਸ਼ੇਰ ਵਾਂਗ ਸਭ ਤੋਂ ਪਹਿਲਾਂ ਮੋਬਾਈਲ ਵੱਲ ਝਪਟਦੇ ਹਾਂ ਕਿ ਕਿਤੇ ਪਿਛਲੇ 40 ਸਕਿੰਟਾਂ ਵਿੱਚ ਸਾਨੂੰ ਕਿਸੇ ਨੇ ਮੈਸੇਜ ਤਾਂ ਨਹੀਂ ਕੀਤਾ। ਜੇ ਕਿਤੇ ਗੱਡੀ ਚਲਾਉਂਦੇ ਸਮੇਂ ਫੋਨ ਕਾਲ ਆ ਜਾਵੇ ਤਾਂ ਫਿਰ ਸਵਾਮੀ ਰਾਮਦੇਵ ਨੂੰ ਪਿੱਛੇ ਛੱਡਦੇ ਹੋਏ ਅਸੀਂ ਅਜਿਹੇ ਯੋਗ ਆਸਣ ਕਰਦੇ ਹਾਂ ਕਿ ਵਾਹ ਵਾਹ ਹੋ ਜਾਂਦੀ ਹੈ। ਦੇਖੋ ਤਾਂ, ਸੜਕ ’ਤੇ ਅੱਖਾਂ, ਇੱਕ ਹੱਥ ਸਟੇਅਰਿੰਗ ’ਤੇ, ਦੂਜੇ ਹੱਥ ਵਿੱਚ ਮੋਬਾਈਲ ਤੇ ਸਟੇਅਰਿੰਗ ਵਾਲਾ ਹੱਥ ਗੇਅਰ ਵੀ ਬਦਲਦਾ ਹੋਇਆ। ਇੰਨਾ ਭਿਆਨਕ ਯੋਗ ਆਸਣ ਕਰਨ ਉਪਰੰਤ ਵੀ ਯੋਗ ਗੁਰੂ ਨੂੰ ਲੱਗਦਾ ਹੈ ਕਿ ਅਸੀਂ ਯੋਗ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਸਭ ਤੋਂ ਵੱਧ ਚਿੰਤਾ ਵਾਲੀ ਗੱਲ ਹੈ ਕਿ ਅਸੀਂ ਸੈਲਫ਼ੀ ਖਿੱਚਦੇ ਖਿੱਚਦੇ ਮੌਤ ਦੇ ਮੂੰਹ ਵਿੱਚ ਛਲਾਂਗ ਲਗਾਉਣ ਵਿੱਚ ਦੁਨੀਆਂ ’ਚ ਪਹਿਲੇ ਨੰਬਰ ’ਤੇ ਹਾਂ। ਸਾਨੂੰ ਕਿੰਨਾ ਚੰਗਾ ਲੱਗਦਾ ਹੈ ਕਿ ਅਸੀਂ ਚਲਦੀ ਗੱਡੀ ਦੇ ਟਰੈਕ ’ਤੇ ਵੀ ਫ਼ੋਟੋ ਖਿੱਚ ਲੈਂਦੇ ਹਾਂ। ਉੱਚੀਆਂ ਪਹਾੜੀਆਂ ਉੱਪਰ ਵੀ ਇਹ ਕ੍ਰੇਜ਼ ਜਾਰੀ ਰਹਿੰਦਾ ਹੈ। ਪਤਾ ਤਾਂ ਉਦੋਂ ਹੀ ਲੱਗਦਾ ਹੈ ਜਦੋਂ ਅਸੀਂ ਆਪਣੇ ਦੇਸ਼ ਦੀਆਂ ਨਿੱਕੀਆਂ ਜਾਨਾਂ ਨੂੰ ਗੁਆ ਕੇ ਭੁੱਬੀਂ ਰੋਂਦੇ ਹਾਂ। ਇਸ ਲਈ ਦੋਸਤੋ, ਆਰਾਮ ਦਿਓ ਆਪਣੇ ਆਪ ਨੂੰ ਵੀ ਤੇ ਆਪਣੇ ਮੋਬਾਈਲ ਨੂੰ ਵੀ। ਜਿਹੜਾ ਮੋਬਾਈਲ ਤੁਹਾਨੂੰ ਤੁਹਾਡੇ ਦੋਸਤਾਂ ਨਾਲ ਮਿਲਾਉਂਦਾ ਹੈ, ਦੁਨੀਆਂ ਦੀ ਜਾਣਕਾਰੀ ਦਿੰਦਾ ਹੈ, ਤੁਹਾਡਾ ਹਰ ਪਲ ਸਾਥ ਦਿੰਦਾ ਹੈ, ਉਸ ਮੋਬਾਈਲ ਨੂੰ ਸਨਮਾਨ ਦਿਓ, ਆਰਾਮ ਦਿਓ। ਇੱਕ ਆਦਮੀ ਆਪਣੀ ਗੱਡੀ ਵਿੱਚ ਬੈਠ ਰਿਹਾ ਸੀ। ਡਰਾਈਵਰ ਕੋਲੋਂ ਉਸ ਨੇ ਪੁੱਛਿਆ, “ਮੋਬਾਈਲ ਦਾ ਚਾਰਜਰ ਰੱਖ ਲਿਆ?” “ਜੀ ਜਨਾਬ।” “ਲੈਪਟਾਪ ਦਾ ਚਾਰਜਰ ਰੱਖਿਐ?” “ਜੀ ਜਨਾਬ।” “ਕੈਮਰੇ ਦਾ ਚਾਰਜਰ ਰੱਖ ਲਿਆ?” “ਜੀ ਜਨਾਬ।” “ਚਲੋ ਗੱਡੀ ਚਲਾਓ।” ਥੋੜ੍ਹੀ ਦੂਰ ਜਾਣ ਮਗਰੋਂ ਉਸ ਆਦਮੀ ਨੇ ਕਿਹਾ, “ਡਰਾਈਵਰ, ਜ਼ਰੂਰੀ ਸਾਮਾਨ ਰੱਖ ਲਿਆ, ਪਰ ਫਿਰ ਵੀ ਪਤਾ ਨਹੀਂ ਕਿਉਂ ਲੱਗ ਰਿਹਾ ਹੈ ਕਿ ਮੈਂ ਕੋਈ ਖ਼ਾਸ ਚੀਜ਼ ਭੁੱਲ ਰਿਹਾ ਹਾਂ।” ਡਰਾਈਵਰ ਨੇ ਬਿਨਾਂ ਅੱਖਾਂ ਝਪਕਿਆਂ ਕਿਹਾ, “ਸਰ, ਬੁਰਾ ਨਾ ਮੰਨਣਾ, ਸ਼ਾਇਦ ਤੁਸੀਂ ਮੈਡਮ ਨੂੰ ਘਰ ਭੁੱਲ ਆਏ।”

—ਸਵਿਤਾ ਭੱਟੀ



## ਕੰਮ ਦਾ ਸੁਨਹਿਰੀ ਮੌਕਾ

ਜੇਕਰ ਤੁਸੀਂ ਰੇਡੀਓ ਸਟੇਸ਼ਨ ਤੇ ਕੰਮ ਕਰਨਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਸੁਨਹਿਰੀ ਮੌਕਾ । ਰੇਡਿਓ ਇੰਡੀਆ (Radio India) ਨੂੰ ਕੰਮ ਕਰਨ ਲਈ Talk Show Hosts, News Caster, Receptionist, Musical Show Hosts, Graphic Designer and Sales Representatives ਦੀ ਲੋੜ ਹੈ ।

ਹੋਰ ਜਾਣਕਾਰੀ ਲਈ 604 592 9191 ਤੇ ਸੰਪਰਕ ਕਰੋ ਅਤੇ ਆਪਣਾ ਰੇਜਿਮੇ info@radioindia.ca ਤੇ ਈਮੇਲ ਕਰੋ।

## METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




**Residential & Commercial**

**Gurvinder Sanghera: 604-729-1435**

Email: gsanghera77@gmail.com

# ਦੁਨੀਆਂ ਦੇ 6 ਦੇਸ਼ਾਂ ਦਾ ਰਾਸ਼ਟਰਪਤੀ ਬਣਨ ਵਾਲਾ ਇੱਕੋ ਇੱਕ ਵਿਅਕਤੀ ਸਾਈਮਨ ਬੋਲੀਵਰ

ਇਹ ਅਦੁੱਤੀ ਕਾਰਨਾਮਾ ਕਰਨ ਵਾਲੇ ਮਹਾਨ ਪੁਰਸ਼ ਸਾਈਮਨ ਬੋਲੀਵਰ ਦਾ ਪੂਰਾ ਨਾਮ ਸਾਈਮਨ ਜੋਸ ਐਂਟੋਨੀਉ ਡੀ ਲਾ ਸੈਨਟਿਜ਼ਮਾ ਤ੍ਰਿਨੀਦਾਦ ਬੋਲੀਵਰ ਪਲੈਸੀਉ ਪੌਂਟੇ ਐਂਡਰੇਡ ਬਲੈਂਕੋ ਸੀ ਤੇ ਉਸ ਦਾ ਜਨਮ 24 ਜੁਲਾਈ 1783 ਈਸਵੀ ਨੂੰ ਕਰਾਕਾਸ ਸ਼ਹਿਰ (ਵੈਨਜ਼ੂਐਲਾ) ਦੇ ਇੱਕ ਧਨੀ ਪਰਿਵਾਰ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਮ ਕਰਨਲ ਵਿੰਸੈਂਟ ਬੋਲੀਵਰ ਤੇ ਮਾਤਾ ਦਾ ਨਾਮ ਮਾਰੀਆ ਬਲਾਂਕੋ ਸੀ। ਉਸ ਸਮੇਂ ਬਰਾਜ਼ੀਲ ਨੂੰ ਛੱਡ ਕੇ ਸਾਰੇ ਦੱਖਣੀ ਅਮਰੀਕਾ 'ਤੇ ਸਪੇਨ ਦਾ ਕਬਜ਼ਾ ਸੀ। 16 ਸਾਲ ਦੀ ਉਮਰ ਵਿੱਚ ਉਸ ਨੂੰ ਉੱਚ ਸਿੱਖਿਆ ਹਾਸਲ ਕਰਨ ਲਈ ਸਪੇਨ ਭੇਜ ਦਿੱਤਾ ਗਿਆ। ਉਸ ਨੇ ਇਸ ਸਮੇਂ ਦੌਰਾਨ ਯੂਰਪ ਦੇ ਕਈ ਦੇਸ਼ਾਂ ਦਾ ਭਰਮਣ ਕੀਤਾ। ਯੂਰਪੀਨ ਦੇਸ਼ਾਂ ਦੀ ਅਜ਼ਾਦੀ ਵੱਲ ਵੇਖ ਕੇ ਉਸ ਦੇ ਦਿਲ ਵਿੱਚ ਵੀ ਦੱਖਣੀ ਅਮਰੀਕਾ ਨੂੰ ਸਪੇਨ ਦੇ ਪੰਜਿਆਂ ਤੋਂ ਅਜ਼ਾਦ ਕਰਾਉਣ ਦਾ ਖਿਆਲ ਅੰਗੜਾਈਆਂ ਲੈਣ ਲੱਗਾ ਤੇ ਸੰਨ 1808 ਈਸਵੀ ਵਿੱਚ ਉਹ ਵਾਪਸ ਵੈਨਜ਼ੂਐਲਾ ਵਾਪਸ ਆ ਗਿਆ। ਉਸ ਸਮੇਂ ਸਪੇਨ ਫਰਾਂਸ ਨਾਲ ਜੰਗ ਵਿੱਚ ਉਲਝਿਆ ਹੋਇਆ ਸੀ। ਇਸ ਮੌਕੇ ਦਾ ਫਾਇਦਾ ਉਠਾ ਕੇ ਬੋਲੀਵਰ ਨੇ ਆਪਣਾ ਸੁਤੰਤਰਤਾ ਸੰਗਰਾਮ ਸ਼ੁਰੂ ਕਰ ਦਿੱਤਾ।



ਉਸ ਨੇ ਜਗ੍ਹਾ ਜਗ੍ਹਾ ਜੋਸ਼ੀਲੇ ਭਾਸ਼ਨ ਦੇ ਕੇ ਲੋਕਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਜਗਾ ਦਿੱਤੀ। ਉਸ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਆਮ ਲੋਕ ਅਤੇ ਸੈਨਿਕ ਉਸ ਦੇ ਝੰਡੇ ਹੇਠ ਸੰਗਠਿਤ ਹੋ ਗਏ। ਕੁਝ ਹੀ ਸਮੇਂ ਬਾਅਦ ਉਸ ਨੇ ਸਪੇਨੀ ਹਾਕਮਾਂ ਦੇ ਖਿਲਾਫ ਛਾਪਾਮਾਰ ਜੰਗ ਸ਼ੁਰੂ ਕਰ ਦਿੱਤੀ। ਕਈ ਸਾਲ ਛੋਟੀਆਂ ਛੋਟੀਆਂ ਝੜਪਾਂ ਚੱਲਦੀਆਂ ਰਹੀਆਂ। ਸ਼ੁਰੂਆਤੀ ਹਾਰਾਂ ਦੇ ਬਾਵਜੂਦ ਉਸ ਨੇ ਹੌਸਲਾ ਨਾ ਹਾਰਿਆ। ਆਪਣੀ ਜਬਰਦਸਤ ਇੱਛਾ ਸਖਤੀ ਦੇ ਬਲ 'ਤੇ ਆਖਰ ਉਸ ਨੇ 1821 ਈਸਵੀ ਵਿੱਚ ਵੈਨਜ਼ੂਐਲਾ ਦੇ ਗਵਰਨਰ ਨੂੰ ਕਾਰਾਬੋਬੋ ਦੀ ਜੰਗ ਵਿੱਚ ਲੱਕ ਤੋੜਵੀਂ ਸ਼ਿਕਸ਼ਤ ਦੇ ਕੇ ਵੈਨਜ਼ੂਐਲਾ ਨੂੰ ਅਜ਼ਾਦ ਕਰਵਾ ਲਿਆ। ਆਪਣੀ ਲੋਕਪ੍ਰਿਯਤਾ ਕਾਰਨ ਉਸ ਨੂੰ ਕੁਝ ਹੀ ਦਿਨਾਂ ਬਾਅਦ ਜ਼ਿੰਦਗੀ ਭਰ ਲਈ ਬਿਨਾਂ ਮੁਕਾਬਲਾ ਵੈਨਜ਼ੂਐਲਾ ਦਾ ਰਾਸ਼ਟਰਪਤੀ ਚੁਣ ਲਿਆ ਗਿਆ। ਇੱਕ ਪੱਕਾ ਟਿਕਾਣਾ ਮਿਲਣ ਤੋਂ ਬਾਅਦ ਉਸ ਨੇ ਬਾਕੀ ਦੱਖਣੀ ਅਮਰੀਕਾ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਵਿੱਢ ਲਈ। ਵੈਨਜ਼ੂਐਲਾ ਤੋਂ ਬਾਅਦ ਹੌਲੀ ਹੌਲੀ ਉਸ ਨੇ ਕੋਲੰਬੀਆ (1822), ਪਨਾਮਾ (1822), ਇਕਵਾਡੋਰ (1822), ਪੀਰੂ (1825) ਅਤੇ ਬੋਲੀਵੀਆ (1825) ਨੂੰ ਵੀ ਅਜ਼ਾਦ ਕਰਵਾ ਲਿਆ। ਬੋਲੀਵੀਆ ਦਾ ਨਾਮ ਉਸ ਦੇ ਨਾਮ 'ਤੇ ਹੀ ਰੱਖਿਆ ਗਿਆ ਹੈ। ਉਹ ਇਨ੍ਹਾਂ ਸਾਰੇ ਹੀ ਦੇਸ਼ਾਂ ਦਾ ਪਹਿਲਾ ਰਾਸ਼ਟਰਪਤੀ ਚੁਣਿਆ ਗਿਆ। ਪਰ ਅੱਜ ਦੇ ਨੇਤਾਵਾਂ ਵਾਂਗ ਸੱਤਾ ਨੂੰ ਜੱਫਾ ਮਾਰਨ ਦੀ ਬਜਾਏ ਹਰ ਵਾਰ ਕੁਝ ਸਮੇਂ ਦੇ ਅੰਤਰਾਲ ਤੋਂ ਬਾਅਦ ਰਾਸ਼ਟਰਪਤੀ ਦੀ ਪਦਵੀ ਯੋਗ ਵਿਅਕਤੀਆਂ ਦੇ ਹੱਥ ਸੌਂਪ ਕੇ ਉਹ ਵੈਨਜ਼ੂਐਲਾ ਵਾਪਸ ਆ ਜਾਂਦਾ ਰਿਹਾ।

ਇੱਕ ਸਮੇਂ ਬੋਲੀਵਰ ਦਾ ਸ਼ਾਸਨ ਅਰਜਨਟੀਨਾ ਦੀ ਹੱਦ ਤੋਂ ਲੈ ਕੇ ਪਨਾਮਾ ਤੱਕ, ਤਕਰੀਬਨ ਅੱਧੇ ਦੱਖਣੀ ਅਮਰੀਕਾ 'ਤੇ ਸੀ। ਉਸ ਨੇ ਆਪਣੇ ਅਜ਼ਾਦੀ ਸ਼ੰਘਰਸ਼ ਸਮੇਂ 472 ਜੰਗਾਂ ਵਿੱਚ ਭਾਗ ਲਿਆ ਤੇ 450 ਵਿੱਚ ਜਿੱਤ ਹਾਸਲ ਕੀਤੀ। ਇਸ ਦੌਰਾਨ ਉਸ ਨੇ ਘੋੜੇ ਦੀ ਪਿੱਠ 'ਤੇ 123000 ਕਿ.ਮੀ. ਸਫਰ ਕੀਤਾ ਜੋ ਨੈਪੋਲੀਅਨ ਤੋਂ ਤਿੰਨ ਗੁਣਾ ਅਤੇ ਸਿਕੰਦਰ ਮਹਾਨ ਤੋਂ ਦੋ ਗੁਣਾ ਵੱਧ ਬਣਦਾ ਹੈ। ਉਸ ਨੂੰ ਜਿਆਦਾਤਰ ਦੱਖਣੀ ਅਮਰੀਕੀ ਦੇਸ਼ਾਂ ਵਿੱਚ ਰਾਸ਼ਟਰ ਪਿਤਾ ਦਾ ਦਰਜ਼ਾ ਹਾਸਲ ਹੈ। ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਉਸ ਦੇ ਬੁੱਤ ਸਥਾਪਿਤ ਕੀਤੇ ਗਏ ਹਨ। ਸੰਨ 1802 ਵਿੱਚ ਉਸ ਦੀ ਸ਼ਾਦੀ ਮਾਰੀਆ ਥੇਰੇਸਾ ਨਾਲ ਹੋਈ ਪਰ ਬਦਕਿਸਮਤੀ ਕਾਰਨ ਉਸ ਦੀ ਅਗਲੇ ਹੀ ਸਾਲ ਯੈਲੋ ਫੀਵਰ ਨਾਲ ਮੌਤ ਹੋ ਗਈ। ਉਹ ਆਪਣੀ ਪਤਨੀ ਨਾਲ ਐਨਾ ਪਿਆਰ ਕਰਦਾ ਸੀ ਕਿ ਉਸ ਨੇ ਸਾਰੀ ਉਮਰ ਦੁਬਾਰਾ ਸ਼ਾਦੀ ਨਾ ਕਰਨ ਦੀ ਕਸਮ ਖਾ ਲਈ। ਇਸ ਤੋਂ ਬਾਅਦ ਉਸ ਦਾ ਪ੍ਰੇਮ ਮੈਨੁਅਲ ਸਾਇਨਜ਼ ਨਾਮਕ ਇੱਕ ਖਾਨਦਾਨੀ ਔਰਤ ਨਾਲ ਹੋ ਗਿਆ। ਉਹ ਦੋਵੇਂ ਸਾਰੀ ਉਮਰ ਇਕੱਠੇ ਰਹੇ ਪਰ ਬੋਲੀਵਰ ਨੇ ਦੁਬਾਰਾ ਸ਼ਾਦੀ ਨਾ ਕਰਨ ਦੀ ਆਪਣੀ ਕਸਮ ਤੋੜ ਨਿਭਾਈ। ਰਾਸ਼ਟਰਪਤੀ ਦੇ ਤੌਰ 'ਤੇ ਉਸ ਨੇ ਦੇਸ਼ ਦੀ ਤਰੱਕੀ ਲਈ ਬਹੁਤ ਹੀ ਸ਼ਲਾਘਾਯੋਗ ਕੰਮ ਕੀਤੇ। ਉਸ ਦਾ ਸਭ ਤੋਂ ਵੱਡਾ ਸੁਪਨਾ ਦੱਖਣੀ ਅਮਰੀਕਾ ਨੂੰ ਇਕੱਠਾ ਕਰ ਕੇ ਸੰਯੁਕਤ ਰਾਜ ਅਮਰੀਕਾ (ਯੂ.ਐਸ.ਏ.) ਦੀ ਟੱਕਰ ਦਾ ਦੇਸ਼ ਬਣਾਉਣਾ ਸੀ। ਪਰ ਟੀ.ਬੀ. ਦੀ ਭਿਆਨਕ ਬਿਮਾਰੀ ਕਾਰਨ ਉਹ ਇਸ ਵਿੱਚ ਸਫਲ ਨਾ ਹੋ ਸਕਿਆ। ਇਸ ਬਿਮਾਰੀ ਦੇ ਚੱਲਦੇ ਖਰਾਬ ਸਿਹਤ ਕਾਰਨ ਉਸ ਨੇ 20 ਜਨਵਰੀ 1830 ਨੂੰ ਵੈਨਜ਼ੂਐਲਾ ਦੇ ਰਾਸ਼ਟਰਪਤੀ ਦੀ ਪਦਵੀ ਤੋਂ ਅਸਤੀਫਾ ਦੇ ਦਿੱਤਾ ਤੇ 11 ਮਹੀਨੇ ਬਾਅਦ 17 ਦਸੰਬਰ 1830 ਨੂੰ ਸਿਰਫ 47 ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋ ਗਈ। ਉਸ ਦਾ ਕੋਈ ਵੀ ਬੱਚਾ ਨਹੀਂ ਸੀ।

> ਆਪਣੀ ਲੋਕਪ੍ਰਿਯਤਾ ਕਾਰਨ ਉਸ ਨੂੰ ਕੁਝ ਹੀ ਦਿਨਾਂ ਬਾਅਦ ਜ਼ਿੰਦਗੀ ਭਰ ਲਈ ਬਿਨਾਂ ਮੁਕਾਬਲਾ ਵੈਨਜ਼ੂਐਲਾ ਦਾ ਰਾਸ਼ਟਰਪਤੀ ਚੁਣ ਲਿਆ ਗਿਆ। ਇੱਕ ਪੱਕਾ ਟਿਕਾਣਾ ਮਿਲਣ ਤੋਂ ਬਾਅਦ ਉਸ ਨੇ ਬਾਕੀ ਦੱਖਣੀ ਅਮਰੀਕਾ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਵਿੱਢ ਲਈ। ਵੈਨਜ਼ੂਐਲਾ ਤੋਂ ਬਾਅਦ ਹੌਲੀ ਹੌਲੀ ਉਸ ਨੇ ਕੋਲੰਬੀਆ (1822), ਪਨਾਮਾ (1822), ਇਕਵਾਡੋਰ (1822), ਪੀਰੂ (1825) ਅਤੇ ਬੋਲੀਵੀਆ (1825) ਨੂੰ ਵੀ ਅਜ਼ਾਦ ਕਰਵਾ ਲਿਆ। ਬੋਲੀਵੀਆ ਦਾ ਨਾਮ ਉਸ ਦੇ ਨਾਮ 'ਤੇ ਹੀ ਰੱਖਿਆ ਗਿਆ ਹੈ। ਉਹ ਇਨ੍ਹਾਂ ਸਾਰੇ ਹੀ ਦੇਸ਼ਾਂ ਦਾ ਪਹਿਲਾ ਰਾਸ਼ਟਰਪਤੀ ਚੁਣਿਆ ਗਿਆ।

**ਬਲਰਾਜ ਸਿੰਘ ਸਿੱਧੂ ਐਸ.ਪੀ.**
ਪੰਡੋਰੀ ਸਿੱਧਵਾਂ 9501100062

**AMA CONCRETE**
*Commercial & Residential*

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

**J & S Insulation & Rebar Ltd.**



*Residential & Commercial*


Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**
**Best Price**

Sarbjit: 604.841.9849

**SKY BLUE DRYWALL LTD.**
*Residential & Commercial*

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਗੁਰਦੁਆਰਾ ਸਾਹਿਬ ਸੁਖ ਸਾਗਰ ਨਿਊ ਵੈਸਟਮਿਨਸਟਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸਮਾਗਮ ਕਰਵਾਇਆ ਗਿਆ

## ਬੱਚਿਆਂ ਦਾ 'ਬੈਕ ਟੂ ਸਕੂਲ' ਪ੍ਰੋਗਰਾਮ ਵੀ ਉਤਸ਼ਾਹ ਨਾਲ ਮਨਾਇਆ











ਸਰੀ-ਗੁਰਦੁਆਰਾ ਸਾਹਿਬ ਸੁਖ ਸਾਗਰ ਨਿਊ ਵੈਸਟਮਿਨਸਟਰ ਵਿਖੇ ਮਿਤੀ 06 ਸਤੰਬਰ ਦਿਨ ਸੋਮਵਾਰ ਨੂੰ ਧੰਨ ਧੰਨ ਸ੍ਰੀ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦਾ ਪ੍ਰਥਮ ਪ੍ਰਕਾਸ਼ ਗੁਰਪੁਰਬ ਸਰਬੱਤ ਸਾਧ ਸੰਗਤ ਜੀ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਲਈ ਮਿਤੀ 03, 04, 05 ਅਤੇ 06 ਸਤੰਬਰ ਦਿਨ ਸ਼ੁੱਕਰਵਾਰ, ਸ਼ਨਿੱਚਰਵਾਰ, ਐਤਵਾਰ ਅਤੇ ਸੋਮਵਾਰ ਨੂੰ ਵਿਸ਼ੇਸ ਦੀਵਾਨ ਸਜਾਏ ਗਏ। ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀਏ ਭਾਈ ਮਨਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਨਾਲ ਸਾਧ ਸੰਗਤ ਜੀ ਨੂੰ ਗੁਰ ਚਰਨਾ ਨਾਲ ਜੋੜਨ ਦਾ ਉਪਰਾਲਾ ਕੀਤਾ ਅਤੇ ਸਿਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਪਿੰਦਰਪਾਲ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਸਾਧ ਸੰਗਤ ਜੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਕਥਾ ਵੀਚਾਰ ਰਾਹੀ ਗੁਰਬਾਣੀ ਦੀਆਂ ਬਾਰੀਆਂ ਰਾਹੀਂ ਜੋੜਨ ਦਾ ਉਪਰਾਲਾ ਕੀਤਾ। ਗੁਰਦੁਆਰਾ ਸਾਹਿਬ ਵਲੋਂ ਆਪ ਜੀ ਨੂੰ ਸਿਰੋਪੇ ਵੀ ਭੇਂਟ ਕੀਤੇ ਗਏ। ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੇ ਕੋਰੋਨਾ ਨਾਲ ਸੰਬੰਧਿਤ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੰਗਤਾਂ ਨੇ 4 ਦਿਨ ਰਸਭਿੰਨੇ ਗੁਰਬਾਣੀ ਕੀਰਤਨ ਅਤੇ ਕਥਾ ਵੀਚਾਰ ਦਾ ਭਰਪੂਰ ਅਨੰਦ ਮਾਣਿਆ। ਇਸ ਦੇ ਨਾਲ ਹੀ ਬੱਚਿਆਂ ਦੇ ਦੁਬਾਰਾ ਸਕੂਲ ਖੁੱਲਣ ਦੀ ਖੁਸ਼ੀ ਵਿਚ ਸਕੂਲੀ ਬੱਚਿਆਂ ਦਾ ਬੈਕ ਟੂ ਸਕੂਲ ਪ੍ਰੋਗਰਾਮ ਮਨਾਉਂਦਿਆਂ ਹੋਇਆਂ ਬੱਚਿਆਂ ਦੇ 6 ਜੱਥਿਆਂ ਵਲੋਂ ਵੀ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਬੱਚਿਆਂ ਦੇ ਦੁਬਾਰਾ ਸਕੂਲ ਖੁੱਲਣ ਤੇ ਬੱਚਿਆਂ ਦੀ ਪੜਾਈ ਦੀ ਸਫਲਤਾ, ਦੇਹ ਅਰੋਗਤਾ, ਮਾਤਾ ਪਿਤਾ ਦੇ ਆਗਿਆਕਾਰੀ ਅਤੇ ਦੇਸ਼ ਕੌਮ ਦੇ ਸੇਵਾਦਾਰ ਹੋਣ ਦਾ ਮਾਣ ਪ੍ਰਾਪਤ ਕਰਨ ਲਈ ਅਰਦਾਸ ਵੀ ਕੀਤੀ ਗਈ। ਬੱਚਿਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਸਾਰੇ ਪ੍ਰੋਗਰਾਮਾਂ ਵਿੱਚ ਬੱਚਿਆਂ ਦੇ ਮਾਤਾ ਪਿਤਾ ਨੇ ਵੀ ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰੀ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਹਰਭਜਨ ਸਿੰਘ ਜੀ ਅਠਵਾਲ ਨੇ ਰਾਗੀ ਜਥਾ ਭਾਈ ਮਨਿੰਦਰ ਸਿੰਘ ਜੀ ਸ੍ਰੀਨਗਰ ਵਾਲੇ ਅਤੇ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਸੇਵਾ ਲਈ ਬੇਨਤੀ ਕੀਤੀ ਜਿਸ ਤੇ ਉਹਨਾਂ ਨੇ ਇਸ ਬੇਨਤੀ ਨੂੰ ਪ੍ਰਵਾਨ ਕੀਤਾ।



ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਭਵਿੱਖ ਦੀ ਬੇਯਕੀਨੀ ਕਾਰਨ ਚਿੰਤਤ ਹਾਂ-ਮੀਰਾ ਚੋਪੜਾ



ਮੁੰਬਈ-ਅਦਾਕਾਰਾ ਮੀਰਾ ਚੋਪੜਾ ਨੇ ਕਿਹਾ ਕਿ ਦੇਸ਼ਵਿਆਪੀ ਤਾਲਾਬੰਦੀ ਦੌਰਾਨ ਫ਼ਿਲਮ ਇੰਡਸਟਰੀ ਬੰਦ ਹੋਣ ਕਾਰਨ ਉਹ ਚਿੰਤਤ ਹੈ। ਜ਼ਿਕਰਯੋਗ ਹੈ ਕਰੋਨਾ ਲਾਗ ਦੀ ਰੋਕਥਾਮ ਦੇ ਮੱਦੇਨਜ਼ਰ ਤਾਲਾਬੰਦੀ ਕਾਰਨ ਹੋਰਨਾਂ ਸਨਅਤਾਂ ਦੇ ਨਾਲ-ਨਾਲ ਫ਼ਿਲਮ ਇੰਡਸਟਰੀ 'ਚ ਵੀ ਕੰਮ ਬੰਦ ਹੈ। ਅਦਾਕਾਰਾ ਨੇ ਕਿਹਾ, 'ਮੈਨੂੰ ਇਹ ਗੱਲ ਬਹੁਤ ਪ੍ਰੇਸ਼ਾਨ ਕਰਦੀ ਹੈ, ਮੈਂ ਅਪਰੈਲ 'ਚ ਇੱਕ ਸ਼ੋਅ ਅਤੇ ਜੂਨ ਵਿੱਚ ਇੱਕ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕਰਨੀ ਸੀ। ਇਹ ਦੋਵੇਂ ਪ੍ਰਾਜੈਕਟ ਰੁਕੇ ਹਨ ਕਿਉਂਕਿ ਇੰਡਸਟਰੀ 'ਚ ਕਿਸੇ ਵੀ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਦੁਬਾਰਾ ਸ਼ੂਟਿੰਗ ਕਦੋਂ ਸ਼ੁਰੂ ਹੋਵੇਗੀ। ਮੈਂ ਆਪਣੇ ਨਿਰਮਾਤਾਵਾਂ ਦੇ ਸੰਪਰਕ ਵਿੱਚ ਹਾਂ ਅਤੇ ਉਨ੍ਹਾਂ ਨੂੰ ਵੀ ਭਵਿੱਖ ਸਬੰਧੀ ਮੇਰੇ ਜਿੰਨੀ ਹੀ ਬੇਯਕੀਨੀ ਹੈ।' ਮੀਰਾ ਨੇ ਕਿਹਾ, 'ਹੁਣ ਸਾਡੇ ਹੱਥ ਵਿੱਚ ਕੁਝ ਵੀ ਨਹੀਂ ਹੈ। ਅਸੀਂ ਇੱਕ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ ਅਤੇ ਪਹਿਲਾਂ ਸਾਨੂੰ ਸਭ ਨੂੰ ਇਸ ਨਾਲ ਲੜਨਾ ਪਵੇਗਾ ਅਤੇ ਫਿਰ ਕੁਝ ਹੋਰ ਸੋਚਣਾ ਹੋਵੇਗਾ। ਕਰੋਨਾ ਨਾਲ ਸਾਨੂੰ ਇਕੱਠਿਆਂ ਲੜਨਾ ਪਵੇਗਾ। ਇਸ ਨਾਜ਼ੁਕ ਸਮੇਂ 'ਚ ਮਾਨਸਿਕ ਸੰਤੁਲਨ ਬਣਾਈ ਰੱਖਣਾ ਸਭ ਤੋਂ ਮਹੱਤਵਪੂਰਨ ਹੈ।'




# ਆਪਣਾ ਘਰ ਨਾਲ ਲੈ ਕੇ ਖੇਤਾਂ ਨੂੰ ਜਾਂਦੇ ਹਨ ਧਰਮਿੰਦਰ

ਇਨ੍ਹੀਂ ਦਿਨੀਂ ਸਾਰੇ ਆਪਣੇ ਘਰ ਵਿੱਚ ਹਨ। ਸਿਤਾਰੇ ਆਪਣੇ ਘਰ ਤੋਂ ਹੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕਰ ਰਹੇ ਹਨ। ਹਿੰਦੀ ਸਿਨੇਮਾ ਦੇ ਹੀਮੈਨ ਧਰਮਿੰਦਰ ਇਸ ਸਮੇਂ ਪੂਰਾ ਸਮਾਂ ਆਪਣੇ ਖੇਤਾਂ ਤੇ ਪੌਦਿਆਂ ਵਿੱਚ ਬਿਤਾ ਰਹੇ ਹਨ, ਫਿਰ ਵੀ ਉਹ ਘਰ ਵਿੱਚ ਹਨ। ਅਜਿਹੇ ਵਿੱਚ ਖੇਤਾਂ ਵਿੱਚ ਜਾਂਦੇ ਸਮੇਂ ਉਹ ਆਪਣੀ ਵੈਨਿਟੀ ਵੈਨ (ਤੁਰਦਾ-ਫਿਰਦਾ ਘਰ) ਵੀ ਨਾਲ ਲੈ ਕੇ ਜਾਂਦੇ ਹਨ। ਬੀਤੇ ਦਿਨੀਂ ਉਨ੍ਹਾਂ ਨੇ ਆਪਣੇ ਖੇਤਾਂ ਤੋਂ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝੀ ਕੀਤਾ। ਇਸ ਵੀਡੀਓ ਵਿੱਚ ਉਹ ਟਰੈਕਟਰ 'ਤੇ ਬੈਠ ਕੇ ਕਹਿੰਦੇ ਹਨ, 'ਇਨਾ ਛੋਟਾ ਖੇਤ ਤਾਂ ਮੈਂ ਔਖੇ-ਸੌਖੇ ਵਾਹ ਲੈਂਦਾ ਹਾਂ। ਇਸ ਨਾਲ ਥੋੜ੍ਹੀ ਕਸਰਤ ਵੀ ਹੋ ਜਾਂਦੀ ਹੈ। ਮੈਂ ਤੁਹਾਨੂੰ ਆਪਣੀ ਵੈਨਿਟੀ ਵੈਨ ਦਿਖਾਉਂਦਾ ਹਾਂ।" ਇਸ ਦੇ ਬਾਅਦ ਉਹ ਵੈਨਿਟੀ ਵੈਨ ਦਿਖਾਉਂਦੇ ਹਨ। ਇਸ ਵੈਨਿਟੀ ਵੈਨ 'ਤੇ ਉਨ੍ਹਾਂ ਦੀ ਇੱਕ ਤਸਵੀਰ ਬਣੀ ਹੋਈ ਹੈ। ਇਸ ਬਾਰੇ ਉਹ ਦੱਸਦੇ ਹਨ ਕਿ ਸ਼ੂਟਿੰਗ ਦੇ ਸਮੇਂ ਉਹ ਉਸ ਨੂੰ ਆਪਣੇ ਨਾਲ ਸੈਟ 'ਤੇ ਲੈ ਕੇ ਜਾਂਦੇ ਸਨ, ਪਰ ਅੱਜਕੱਲ੍ਹ ਉਸ ਨੂੰ ਹਾਊਸ ਆਨ ਵ੍ਹੀਲ ਬਣਾ ਲਿਆ ਹੈ। ਇਸ ਤਰ੍ਹਾਂ ਇਨ੍ਹੀਂ ਦਿਨੀਂ ਧਰਮਿੰਦਰ ਆਪਣਾ ਘਰ ਨਾਲ ਲੈ ਕੇ ਚੱਲਦੇ ਹਨ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਬਗੀਚੇ ਦੇ ਕੇਲਿਆਂ ਦੇ ਨਾਲ ਵੀਡੀਓ ਸਾਂਝੀ ਕੀਤੀ ਸੀ। ਆਖਰੀ ਵਾਰ ਉਹ ਫਿਲਮ 'ਸ਼ਿਮਲਾ ਮਿਰਚ' ਵਿੱਚ ਮਹਿਮਾਨ ਵਜੋਂ ਨਜ਼ਰ ਆਏ ਸਨ।

# ਬਚਪਨ ਤੋਂ ਹੀ ਬਾਗੀ ਹਾਂ-ਤਾਪਸੀ



ਮੁੰਬਈ-ਫਿਲਮ ਅਦਾਕਾਰਾ ਤਾਪਸੀ ਪੰਨੂ ਨੇ ਕਿਹਾ ਕਿ ਉਹ ਬਚਪਨ ਤੋਂ ਹੀ ਬਾਗੀ ਸੁਭਾਅ ਦੀ ਹੈ ਅਤੇ ਉਸ ਦਾ ਇਹ ਸੁਭਾਅ ਉਸ ਵੱਲੋਂ ਚੁਣੀਆਂ ਗਈਆਂ ਫਿਲਮਾਂ 'ਚ ਦਿਖਾਈ ਦਿੰਦਾ ਹੈ। ਤਾਪਸੀ ਨੇ ਕਿਹਾ, 'ਮੈਨੂੰ ਪੂਰਾ ਯਕੀਨ ਸੀ ਕਿ ਮੈਨੂੰ 'ਥੱਪੜ' ਫਿਲਮ ਦਾ ਹਿੱਸਾ ਹੋਣਾ ਚਾਹੀਦਾ ਹੈ। ਮੇਰੇ ਲਈ ਅਨੁਭਵ ਸਿਨਹਾ ਨਾਲ ਕੰਮ ਕਰਨਾ ਮਾਣ ਵਾਲੀ ਗੱਲ ਹੈ। ਉਨ੍ਹਾਂ ਬਹੁਤ ਹੀ ਸੰਵੇਦਨਸ਼ੀਲ ਮੁੱਦੇ 'ਤੇ ਵਿਲੱਖਣ ਨਜ਼ਰੀਆ ਪੇਸ਼ ਕੀਤਾ ਹੈ।' ਤਾਪਸੀ ਨੇ ਕਿਹਾ ਕਿ ਉਹ ਬਚਪਨ ਤੋਂ ਹੀ ਬਾਗੀ ਸੁਭਾਅ ਦੀ ਹੈ ਅਤੇ ਉਸ ਦਾ ਇਹ ਸੁਭਾਅ ਉਸ ਵੱਲੋਂ ਚੁਣੀਆਂ ਗਈਆਂ ਫਿਲਮਾਂ 'ਚੋਂ ਝਲਕਦਾ ਹੈ। ਪਿਛਲੇ ਛੇ ਮਹੀਨੇ ਉਸ ਲਈ ਬਹੁਤ ਹੀ ਦਿਲਚਸਪ ਰਹੇ ਜਿਸ ਦੌਰਾਨ ਉਸ ਨੇ ਕਾਮੇਡੀ ਤੋਂ ਲੈ ਕੇ 'ਥੱਪੜ' ਜਿਹੀਆਂ ਗੰਭੀਰ ਫਿਲਮਾਂ ਕੀਤੀਆਂ ਹਨ। ਨਿਰਮਾਤਾ ਤੇ ਨਿਰਦੇਸ਼ਕ ਅਨੁਭਵ ਸਿਨਹਾ ਦੀ ਫਿਲਮ 'ਥੱਪੜ' 'ਚ ਤਾਪਸੀ ਪੰਨੂ ਤੋਂ ਇਲਾਵਾ ਪਾਵੇਲ ਗੁਲਾਟੀ, ਰਤਨਾ ਪਾਠਕ ਸ਼ਾਹ, ਤਨਵੀ ਆਜ਼ਮੀ, ਦਿਆ ਮਿਰਜ਼ਾ, ਰਾਮ ਕਪੂਰ ਅਤੇ ਕੁਮੁਦ ਮਿਸ਼ਰਾ ਅਹਿਮ ਭੂਮਿਕਾਵਾਂ 'ਚ ਸਨ। ਪਹਿਲੀ ਮਈ ਤੋਂ ਇਹ ਫਿਲਮ ਐਮਾਜ਼ੋਨ ਪ੍ਰਾਈਮ 'ਤੇ ਦੇਖੀ ਜਾ ਸਕੇਗੀ।

# Gold key INSURANCE

**Number 1 in the Community for 25 Years.**

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

**OPEN 7 DAYS**

ICBC autoplan www.goldkeyinsurance.ca


Practice Social Distancing
While shopping please maintain required 6 feet distance and follow markers to avoid the spread of virus
fruiticana hee jaana!
Your one and only Surrey owned
Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Pink Lady & Red Delicious Apples
ਪੀਂਕ ਲੇਡੀ ਐਪਲ ਅਤੇ ਲਾਲ ਸਵਾਦ ਸੇਬ
98¢ lb
Green, Red, Yellow & Orange Bell Peppers
ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
98¢ lb
Rapini (Sarson da Saag)
ਸਰਸੋਂ ਦਾ ਸਾਗ
$1.98 bunch
Seedless Watermelons
ਬਿਨਾਂ ਬੀਜ ਹਦਵਾਣਾ
49¢ lb
Green Cabbage
ਹਰੀ ਬੰਦ ਗੋਭੀ
48¢ lb
Green or Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.98 lb
Round Opo Squash
ਗੋਲ ਓਪੋ
99¢ lb
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$8.99 bag
Extra Super Super Special
Long Hot Chili BC
ਬੀਸੀ ਲੰਮੀਆਂ ਕੌੜੀਆਂ ਮਿਰਚਾਂ
$1.99 lb
Extra Super Super Special
Okra
ਭਿੰਡੀ
$1.99 lb
Super Special
Cilantro
ਧਨੀਆ
3 bunches for 99¢
Super Special
Yellow Onions 50 lbs
ਪੀਲੇ ਗੰਢੇ
$9.98 bag
Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.99 bag
Super Special
Fresh Methi
ਤਾਜ਼ਾ ਮੇਥੀ
99¢ bunch
Super Special
Zucchini Squash
ਜ਼ੁਕੀਨੀ ਸਕੁਐਸ਼
88¢ lb
Fresh Garlic
ਤਾਜ਼ਾ ਲਸਣ
$1.48 lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
BC Gala Apples
ਬੀਸੀ ਗਾਲਾ ਸੇਬ
88¢ lb
Peaches & Nectarines
ਆੜੂ ਅਤੇ ਨਿਕਟੇਰੀਨਸ
$1.49 lb
Red Onions 25 lbs
ਲਾਲ ਗੰਢੇ
$13.99 bag
Sunbec Table Salt 1 kg
ਸਨਬੈੱਕ ਲੂਣ
99¢ ea.
Almonds
ਬਦਾਮ
$3.98 lb
KTC Red Kidney Beans 398 ml
ਕੇ ਟੀ ਸੀ ਰੈੱਡ ਕਿਡਨੀ ਬੀਨਜ਼ 398 ਮਿ.ਲੀ.
2 for $1.50
Pesi Gur Plain
ਪੇਸ਼ੀ ਗੁੜ
$2.49 lb
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Indican Red Lentil Whole, Black Chana & Chickpeas 4 lbs
ਇੰਡੀਕੇਨ ਸਾਬਤ ਲਾਲ ਮਸਰਾਂ ਦੀ ਦਾਲ, ਕਾਲੇ ਅਤੇ ਕਾਬਲੀ ਛੋਲੇ
$3.88 pkg.
Gur Phella 10 kg (Jaggery)
ਗੁੜ ਭੇਲਾ
$12.99 ea.
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Product images may differ from the actual product.
Fri Sep 10, 2021 - Wed Sep 15, 2021
We reserve the right to limit the quantities while they last
NEW LOCATION NOW OPEN
101-331 6TH STREET
NEW WESTMINSTER, BC
TEL: 604-395-3595
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520